


ਹੱਕ ਸੱਚ ਦੀ ਆਵਾਜ਼

# ਫਤਿਹ ਟਾਈਮਜ਼

ਰੋਜ਼ਾਨਾ ਡਿਜੀਟਲ ਐਡੀਸ਼ਨ

ਮੁੱਖ ਸੰਪਾਦਕ ਸਰਬਜੋਤ ਸਿੰਘ ਸੰਧਾ | www.fatehtimesmedia.com | Email- fatehtimes1699@gmail.com

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ ।।



ਮੁੱਖ ਸੰਪਾਦਕ
ਸਰਬਜੋਤ ਸਿੰਘ ਸੰਧਾ

ਰਜਿ ਨੰ : ਪੀ ਬੀ 22000167 | ਫਤਿਹਾਬਾਦ , ਸੋਮਵਾਰ 2 ਮਾਰਚ 2026 , ਨਾਨਕਸ਼ਾਹੀ 19 ਮਾਘ, ਸੰਮਤ 557 | ਸਾਲ: 4, ਅੰਕ 348, ਪੰਨੇ: 4, ਮੁੱਲ: 4 ਰੁਪਏ

## ਅਮਰੀਕਾ-ਇਜ਼ਰਾਈਲੀ ਹਮਲੇ ਵਿੱਚ ਈਰਾਨ ਦੇ ਸੁਪਰੀਮ ਲੀਡਰ ਅਲੀ ਖਮੇਨੀ ਦੀ ਮੌਤ

ਫਤਿਹ ਟਾਈਮਜ਼

### ਧੀ ਅਤੇ ਪੋਤੀ ਦੀ ਵੀ ਮੌਤ, ਈਰਾਨ ਨੇ 40 ਦਿਨਾਂ ਦੇ ਸੋਗ ਦਾ ਐਲਾਨ ਕੀਤਾ।



ਤੇਲ ਅਵੀਵ/ਤਹਿਰਾਨ, 1 ਮਾਰਚ, (ਫ.ਟ.ਬ) 28 ਫਰਵਰੀ, 2026 ਨੂੰ, ਅਮਰੀਕਾ ਅਤੇ ਇਜ਼ਰਾਈਲ ਨੇ ਕਈ ਈਰਾਨੀ ਸ਼ਹਿਰਾਂ 'ਤੇ ਸਮਾਨਾਂਤਰ ਹਵਾਈ ਹਮਲੇ ਕੀਤੇ। ਈਰਾਨ ਦੇ ਸੁਪਰੀਮ ਲੀਡਰ, ਅਯਾਤੁੱਲਾ ਅਲੀ ਖਮੇਨੀ, ਹਮਲੇ ਵਿੱਚ ਮਾਰੇ ਗਏ ਸਨ। ਇਸਦੀ ਪੁਸ਼ਟੀ ਈਰਾਨੀ ਮੀਡੀਆ ਆਉਟਲੈਟਾਂ ਤਸਨੀਮ ਅਤੇ ਫਾਰਸ ਦੁਆਰਾ ਕੀਤੀ ਗਈ ਸੀ। ਹਮਲੇ ਵਿੱਚ ਉਨ੍ਹਾਂ ਦੇ ਪਰਿਵਾਰ ਦੇ ਕਈ ਮੈਂਬਰ ਵੀ ਮਾਰੇ ਗਏ ਸਨ, ਜਿਨ੍ਹਾਂ ਵਿੱਚ ਉਨ੍ਹਾਂ ਦੀ ਧੀ, ਜਵਾਈ, ਪੋਤੀ ਅਤੇ ਨੂੰਹ ਸ਼ਾਮਲ ਸਨ।ਇਰਾਨ ਨੇ 40 ਦਿਨਾਂ ਦਾ ਸਰਕਾਰੀ ਸੋਗ ਅਤੇ ਸੱਤ ਦਿਨਾਂ ਦੀਆਂ ਜਨਤਕ ਛੁੱਟੀਆਂ ਦਾ ਐਲਾਨ ਕੀਤਾ ਹੈ। ਰ੍ਰਿਘਛ ਨੇ ਖਮੇਨੀ ਦੀ ਮੌਤ 'ਤੇ ਸੰਵੇਦਨਾ ਪ੍ਰਗਟ ਕਰਦੇ ਹੋਏ ਕਿਹਾ, "ਅਸੀਂ ਇੱਕ ਮਹਾਨ ਨੇਤਾ ਗੁਆ ਦਿੱਤਾ ਹੈ, ਅਤੇ ਪੂਰਾ ਦੇਸ਼ ਉਨ੍ਹਾਂ ਦਾ ਸੋਗ ਮਨਾ ਰਿਹਾ ਹੈ।"

ਈਰਾਨੀ ਫੌਜ ਅਤੇ IRGC ਪ੍ਰਤੀਕਿਰਿਆ: ਈਰਾਨੀ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ (IRGC) ਨੇ ਹਮਲੇ ਤੋਂ ਬਾਅਦ ਤੁਰੰਤ ਬਦਲਾ ਲੈਣ ਦੀ ਚੇਤਾਵਨੀ ਦਿੱਤੀ। ਫਾਰਸ ਏਜੰਸੀ ਦੇ ਅਨੁਸਾਰ, ਰ੍ਰਿਘਛ ਨੇ ਕਿਹਾ ਕਿ ਦੁਸ਼ਮਣਾਂ ਨੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਹੈ ਅਤੇ ਉਹ ਜਵਾਬ ਦੇਣਗੇ। ਈਰਾਨੀ ਫੌਜ ਨੇ ਇਹ ਵੀ ਐਲਾਨ ਕੀਤਾ ਕਿ ਇੱਕ ਖ਼ਤਰਨਾਕ ਕਾਰਵਾਈ ਜਲਦੀ ਹੀ ਸ਼ੁਰੂ ਹੋਵੇਗੀ, ਜਿਸ ਵਿੱਚ ਅਮਰੀਕੀ ਠਿਕਾਣਿਆਂ, ਕਬਜ਼ੇ ਵਾਲੇ ਖੇਤਰਾਂ ਅਤੇ ਇਜ਼ਰਾਈਲ ਨੂੰ ਨਿਸ਼ਾਨਾ ਬਣਾਇਆ ਜਾਵੇਗਾ। ਹਮਲੇ ਕਿਉਂ ? ਈਰਾਨ ਅਤੇ ਅਮਰੀਕਾ (ਬਾਕੀ ਸਫਾ 2 ਤੇ)

## ਸਿਰਦਾਰਾਂ ਦਾ ਸਿਰਦਾਰ ਸਿਰਦਾਰ ਕਪੂਰ ਸਿੰਘ....

### ਸਰਬਜੋਤ ਸਿੰਘ ਸੰਧਾ

ਫਤਿਹ ਟਾਈਮਜ਼

ਸਿਰਦਾਰ ਕਪੂਰ ਸਿੰਘ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਇੱਕ ਮਹਾਨ ਅਲੰਬਰਦਾਰ ਸੀ ਜਿਸ ਨੇ ਆਪਣੀਆਂ ਲਿਖਤਾਂ, ਭਾਸ਼ਣਾਂ ਅਤੇ ਕੰਮਾਂ ਦੁਆਰਾ ਪੰਜਾਬ ਅਤੇ ਸਿੱਖ ਕੌਮ ਦੀ ਸੇਵਾ ਕੀਤੀ। ਹਿੰਦੀ, ਉਰਦੂ, ਸੰਸਕ੍ਰਿਤ, ਅਰਬੀ, ਅੰਗਰੇਜ਼ੀ ਅਤੇ ਹੋਰ ਕਈ ਦੇਸੀ-ਵਿਦੇਸ਼ੀ ਭਾਸ਼ਾਵਾਂ ਦੇ ਮਾਹਿਰ ਹੋਣ ਦੇ ਬਾਵਜੂਦ ਉਨ੍ਹਾਂ ਆਪਣੀਆਂ ਵਧੇਰੇ ਪੁਸਤਕਾਂ ਪੰਜਾਬੀ ਵਿੱਚ ਲਿਖ ਕੇ ਪੰਜਾਬੀ ਸਾਹਿਤ ਅਤੇ ਚਿੰਤਨ ਨੂੰ ਅਮੀਰ ਕੀਤਾ। ਪੰਜਾਬੀ ਮਾਂ ਦੇ ਇਸ ਸਪੂਤ ਦਾ ਜਨਮ 2 ਮਾਰਚ, 1909 ਨੂੰ ਲੁਧਿਆਣੇ ਦੇ ਪਿੰਡ ਚੱਕ ਵਿਖੇ ਦੀਦਾਰ ਸਿੰਘ ਦੇ ਘਰ ਵਿੱਚ ਹੋਇਆ। ਇਨ੍ਹਾ ਦੀ ਮਾਤਾ ਹਰਨਾਮ ਕੋਰ ਇਕ ਧਾਰਮਿਕ ਰੁਚੀਆਂ ਰਖਣ ਵਾਲੀ ਔਰਤ ਸੀ ਜਿਸਦੇ ਅਸਰ ਹੇਠ ਬਚਪਨ ਤੋਂ ਹੀ ਉਨ੍ਹਾਂ ਨੂੰ ਪੜ੍ਹਾਈ, ਸਾਹਿਤ ਅਤੇ ਕੌਮੀ-ਕੌਮਾਂਤਰੀ ਪੱਧਰ ਦੀਆਂ ਘਟਨਾਵਾਂ ਵਿੱਚ ਦਿਲਚਸਪੀ ਸੀ। ਦਸਵੀਂ ਕਰਨ ਉਪਰੰਤ ਗ੍ਰੇਜੁਏਸ਼ਨ ਤੇ ਫਿਰ ਸਰਕਾਰੀ ਕਾਲਜ ਲਾਹੌਰ ਤੋਂ ਪਹਿਲੇ ਦਰਜੇ ਵਿੱਚ ਐਮ.ਏ. ਫਿਲੋਸਫੀ ਪਾਸ ਕੀਤੀ1 ਇਸ ਤੋਂ ਬਾਅਦ ਨੈਤਿਕ ਵਿਗਿਆਨ/ਸਿੱਖਿਆ ਵਿੱਚ ਅਗਲੇਰੀ ਪੜ੍ਹਾਈ ਲਈ ਉਹ ਕੈਂਬ੍ਰਿਜ ਯੂਨੀਵਰਸਿਟੀ ਚਲੇ ਗਏ ਜਿਥੇ ਉਹ ਯੂਨੀਵਰਸਿਟੀ ਭਰ ਵਿਚੋਂ ਅਵਲ ਦਰਜੇ ਵਿਚ ਰਹੇ । ਪੰਜਾਬ ਦੇ ਇਸ ਮਹਾਨ ਸਪੂਤ ਦੀਆਂ ਲਿਖਤਾਂ ਅੱਜ ਦੀ ਨੌਜਵਾਨੀ ਲਈ ਪ੍ਰੇਰਨਾ ਸਰੋਤ ਹਨ ।ਇਸ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਸਿਰਦਾਰ ਕਪੂਰ ਸਿੰਘ ਹੁਰਾਂ ਦੀਆਂ ਲਿਖਤਾਂ ਜਰੂਰ ਪੜਣ ਅਤੇ ਸੇਧ ਲੈਣ ।

## ਖਾਲੜਾ ਮਿਸ਼ਨ ਵੱਲੋ ਸਮੁੱਚੇ ਪੰਜਾਬ ਅਤੇ ਹਰਿਆਣਾ ਦੇ ਵਕੀਲ ਭਾਈਚਾਰੇ ਨੂੰ ਝੂਠੇ ਮੁਕਾਬਲਿਆਂ ਅਤੇ ਨਸ਼ੇ ਵਾਲਿਆਂ ਦਾ ਬਾਈਕਾਟ ਕਰਨ ਦੀ ਅਪੀਲ

ਫਤਿਹ ਟਾਈਮਜ਼

### ਸਿੱਖ ਭੇਸ ਵਿੱਚ ਕਈ ਧਿਰਾਂ ਝੂਠੇ ਮੁਕਾਬਲਿਆਂ ਤੇ ਨਸ਼ੇ ਵਾਲਿਆ ਦਾ ਪੱਖ ਪੂਰਦੀਆਂ ਰਹੀਆਂ ਹਨ।




ਤਰਨ ਤਾਰਨ, 1 ਮਾਰਚ (ਪ ਪ) ਖਾਲੜਾ ਮਿਸ਼ਨ ਔਰਗੇਨਾਈਜੇਸ਼ਨ, ਮਨੁੱਖੀ ਅਧਿਕਾਰ ਇਨਸਾਫ ਸੰਘਰਸ਼ ਕਮੇਟੀ ਅਤੇ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਲੰਮੇ ਸਮੇਂ ਤੋ ਬਦੀ ਦੀਆਂ ਤਾਕਤਾਂ ਦੇ ਖਿਲਾਫ ਸੰਘਰਸ਼ ਕਰ ਰਹੀਆਂ ਹਨ। ਪੰਜਾਬ ਅੰਦਰ ਚੱਪੇ ਚੱਪੇ ਤੇ ਹੋਏ ਅਤੇ ਹੋ ਰਹੇ ਝੂਠੇ ਮੁਕਾਬਲਿਆਂ ਦੇ ਖਿਲਾਫ ਲੜਾਈ ਅੱਜ ਵੀ ਜਾਰੀ ਹੈ । ਸਿੱਖ ਭੇਸ ਵਿੱਚ ਕਈ ਧਿਰਾਂ ਝੂਠੇ ਮੁਕਾਬਲਿਆਂ ਤੇ ਨਸ਼ੇ ਵਾਲਿਆ ਦਾ ਪੱਖ ਪੂਰਦੀਆਂ ਰਹੀਆਂ ਹਨ ਅਤੇ ਅੱਜ ਵੀ ਪੂਰ ਰਹੀਆਂ ਹਨ। ਅੱਜ ਜਦੋਂ ਬਾਰ ਕੌਂਸਲ ਪੰਜਾਬ ਅਤੇ ਹਰਿਆਣਾ ਦੀ ਮਿਤੀ 17-18 ਮਾਰਚ ਨੂੰ ਹੋ ਰਹੀ ਚੋਣ ਸਮੁੱਚੇ ਵਕੀਲ ਭਾਈਚਾਰੇ ਲਈ ਵੱਡਾ ਇਮਤਿਹਾਨ ਹੈ । ਸਾਰੇ ਪੰਜਾਬ ਅਤੇ ਹਰਿਆਣਾ ਦੇ ਵਕੀਲ ਭਾਈਚਾਰੇ ਨੂੰ ਬੇਨਤੀ ਹੈ ਕਿ ਤੁਹਾਨੂੰ ਆਗੂ ਰੋਲ ਨਿਭਾਉਂਦਿਆਂ ਝੂਠੇ ਮੁਕਾਬਲਿਆਂ ਤੇ ਨਸ਼ਿਆਂ ਦੇ ਹਾਮੀਆਂ ਦਾ ਵਿਰੋਧ ਕਰਨਾ ਚਾਹੀਦਾ ਹੈ ਅਤੇ ਇਹਨਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ। ਇੱਥੇ ਇਹ ਦੱਸਣਯੋਗ ਹੈ ਕਿ ਭਾਈ ਜਸਵੰਤ ਸਿੰਘ ਖਾਲੜਾ ਕੇਸ ਅਤੇ ਹੋਰ ਅਨੇਕਾਂ ਕੇਸਾਂ ਵਿੱਚ ਸੁਰਿੰਦਰਪਾਲ ਮੁਲਤਾਨੀ ਵਰਗੇ ਅਤੇ ਹੋਰ ਝੂਠੇ ਮੁਕਾਬਲਿਆਂ ਵਿੱਚ ਸ਼ਾਮਿਲ ਲੋਕਾਂ ਨੇ ਅਤੇ ਓਹਨਾ ਦੇ ਪਰਿਵਾਰਾਂ ਨੇ ਝੂਠੇ ਮੁਕਾਬਲਿਆਂ ਅਤੇ ਨਸ਼ਿਆ ਦੇ ਫਾਈਦੇ ਲਏ ਅਤੇ ਅੱਜ ਵੀ ਸਿੱਧੇ - ਅਸਿੱਧੇ ਢੰਗ ਨਾਲ ਲੈ ਰਹੇ ਹਨ ,ਉਨਾਂ ਨੂੰ ਬਾਰ ਕੌਂਸਲ ਪੰਜਾਬ ਅਤੇ ਹਰਿਆਣਾ ਵਿੱਚ ਆਉਣ ਤੋਂ ਰੋਕਣਾ ਚਾਹੀਦਾ ਹੈ। ਸਰੇ ਵਕੀਲ ਭਾਈਚਾਰੇ ਨੂੰ ਸੱਚ ਦਾ ਸਾਥ ਦੇਣਾ ਚਾਹੀਦਾ ਹੈ।

LIC
भारतीय जीवन बीमा निगम
LIFE INSURANCE CORPORATION OF INDIA
ਬੀਮਾ ਸੇਵਾ ਕੇਂਦਰ

ਬੱਚਿਆਂ ਲਈ ਐਜੂਕੇਸ਼ਨ ਬੀਮਾ ਪੌਲਸੀ,
ਲੜਕੀਆਂ ਲਈ ਕੰਨਿਆਦਾਨ ਪੌਲਸੀ,
ਬੁਢਾਪਾ ਪੈਨਸ਼ਨ ਸਕੀਮ,ਮਨੀ ਬੈੱਕ ਪੌਲਸੀ,
ਰੋਜ਼ਾਨਾ ਬਚਤ ਪੌਲਸੀ,ਕਰੋੜਪਤੀ ਸਕੀਮ।

ਡੈਂਥ ਕਲੇਮ,ਮਚਿਓਰਟੀ ਜਾ ਫਿਰ ਹੋਰ
ਐਲ ਆਈ ਸੀ ਸੇਵਾ ਲਈ ਸੰਪਰਕ ਕਰੋ:
ਐਸ ਐਸ ਸੰਧਾ ਮੋ:9988537575

ਅਖਬਾਰਾਂ ਵਿਚ ਨਾਮ ਬਦਲੀ,ਬੇਦਖਲੀ ਨੋਟਿਸ,ਟਿਊਬਵੈਲ
ਕੁਨੈਕਸ਼ਨ ਅਤੇ ਹੋਰ ਇਸ਼ਤਿਹਾਰ ਦੇਣ ਵੀ ਲਈ ਸੰਪਰਕ ਕਰੋ।

## ਪੰਜਾਬ ਨੇ ਬੁੱਧਵਾਰ ਨੂੰ ਜਨਤਕ ਛੁੱਟੀ ਐਲਾਨੀ: ਸਕੂਲ, ਕਾਲਜ ਅਤੇ ਸਰਕਾਰੀ ਦਫ਼ਤਰ ਬੰਦ ਰਹਿਣਗੇ

ਫਤਿਹ ਟਾਈਮਜ਼




ਚੰਡੀਗੜ੍ਹ, 1 ਮਾਰਚ (ਫ.ਟ.ਬ) ਪੰਜਾਬ ਨੇ ਬੁੱਧਵਾਰ, 4 ਮਾਰਚ ਨੂੰ ਹੋਲੀ ਦੇ ਮੌਕੇ 'ਤੇ ਜਨਤਕ ਛੁੱਟੀ ਐਲਾਨੀ ਹੈ। ਇਸ ਦਿਨ ਸਾਰੇ ਸਰਕਾਰੀ ਦਫ਼ਤਰ, ਬੋਰਡ, ਕਾਰਪੋਰੇਸ਼ਨਾਂ ਅਤੇ ਵਿਦਿਅਕ ਸੰਸਥਾਵਾਂ (ਸਰਕਾਰੀ ਅਤੇ ਨਿੱਜੀ ਸਕੂਲ ਅਤੇ ਕਾਲਜ ਦੋਵੇਂ) ਬੰਦ ਰਹਿਣਗੀਆਂ। ਇਸ ਦਿਨ ਬੈਂਕ ਵੀ ਬੰਦ ਰਹਿਣਗੇ, ਕਿਉਂਕਿ ਇਹ ਛੁੱਟੀ ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ ਅਧੀਨ ਘੋਸ਼ਿਤ ਕੀਤੀ ਗਈ ਹੈ।ਧਾਰਮਿਕ ਕੈਲੰਡਰ ਅਨੁਸਾਰ, ਫਾਲਗੁਨ ਪੂਰਨਿਮਾ 2 ਮਾਰਚ ਨੂੰ ਸ਼ੁਰੂ ਹੋਵੇਗੀ ਅਤੇ 3 ਮਾਰਚ ਤੱਕ ਜਾਰੀ ਰਹੇਗੀ। ਇਸ ਸਾਲ, ਹੋਲਿਕਾ ਦਹਨ 3 ਮਾਰਚ ਦੀ ਸ਼ਾਮ ਨੂੰ ਕੀਤੀ ਜਾਵੇਗੀ, ਜਦੋਂ ਕਿ ਰੰਗਾਂ ਦੀ ਹੋਲੀ 4 ਮਾਰਚ ਨੂੰ ਮਨਾਈ ਜਾਵੇਗੀ। ਤਿਉਹਾਰ ਨੂੰ ਦੇਖਦੇ ਹੋਏ, ਪ੍ਰਸ਼ਾਸਨ ਨੇ ਰਾਜ ਭਰ ਵਿੱਚ ਛੁੱਟੀ ਦਾ ਐਲਾਨ ਕੀਤਾ ਹੈ ਤਾਂ ਜੋ ਲੋਕ ਇਸ ਤਿਉਹਾਰ ਨੂੰ ਸੁਰੱਖਿਅਤ ਅਤੇ ਖੁਸ਼ੀ ਨਾਲ ਮਨਾ ਸਕਣ।

## ਖ਼ਾਮੇਨੇਈ ਦੀ ਮੌਤ ਤੋਂ ਬਾਅਦ ਅਲੀਰੇਜ਼ਾ ਅਰਾਫ਼ੀ ਨੂੰ ਮਿਲੀ ਈਰਾਨ ਦੀ ਕਮਾਨ, ਕੌਂਸਲ ਨੇ ਬਣਾਇਆ ਸੁਪਰੀਮ ਲੀਡਰ



ਫਤਿਹ ਟਾਈਮਜ਼

ਤਹਿਰਾਨ, 1 ਮਾਰਚ (ਫ.ਟ.ਬ) ਅਮਰੀਕਾ-ਇਜ਼ਰਾਈਲ ਹਮਲਿਆਂ 'ਚ ਆਇਤੁੱਲਾ ਅਲੀ ਖ਼ਾਮੇਨੇਈ ਦੀ ਮੌਤ ਤੋਂ ਬਾਅਦ ਅਲੀਰੇਜ਼ਾ ਅਰਾਫ਼ੀ ਨੂੰ ਈਰਾਨ ਦੀ ਲੀਡਰਸ਼ਿਪ ਕੌਂਸਲ 'ਚ ਨਿਯੁਕਤ ਕੀਤਾ ਗਿਆ ਹੈ। ਈਰਾਨ ਦੇ ਸਰਕਾਰੀ ਮੀਡੀਆ ਮੁਤਾਬਕ, ਸੀਨੀਅਰ ਇਰਾਨੀ ਨੇਤਾ ਅਲੀਰੇਜ਼ਾ ਅਰਾਫ਼ੀ ਨੂੰ ਐਤਵਾਰ ਨੂੰ ਈਰਾਨ ਦੀ ਲੀਡਰਸ਼ਿਪ ਕੌਂਸਲ ਦਾ ਜਿਊਰਿਸਟ ਮੈਂਬਰ (ਝੁਰਿਸਟ ਇਮਬਏਰ) ਬਣਾਇਆ ਗਿਆ ਹੈ।

ਈਰਾਨ ਦਾ ਨਵਾਂ ਸੁਪਰੀਮ ਲੀਡਰ: ਅਲੀਰੇਜ਼ਾ ਅਰਾਫ਼ੀ ਨੂੰ ਲੀਡਰਸ਼ਿਪ ਕੌਂਸਲ ਦਾ ਜਿਊਰਿਸਟ ਮੈਂਬਰ ਬਣਾਉਣ ਦਾ ਮਤਲਬ ਹੈ ਕਿ ਉਹ ਉਦੋਂ ਤਕ ਸੁਪਰੀਮ ਲੀਡਰ ਦੀ ਭੂਮਿਕਾ ਨਿਭਾਉਣਗੇ, ਜਦੋਂ ਤਕ ਅਸੈਂਬਲੀ ਨਵੇਂ ਲੀਡਰ ਦੀ ਚੋਣ ਨਹੀਂ ਕਰ ਲੈਂਦੀ।

ਸਫਾ 1 ਦੀ ਬਾਕੀ

## ਅਮਰੀਕਾ-ਇਜ਼ਰਾਈਲੀ ਹਮਲੇ ਵਿੱਚ ਈਰਾਨ ਦੇ ਸੁਪਰੀਮ ਲੀਡਰ..

ਅਤੇ ਇਜ਼ਰਾਈਲ ਵਿਚਕਾਰ ਤਣਾਅ ਲੰਬੇ ਸਮੇਂ ਤੋਂ ਮੌਜੂਦ ਹੈ। ਇਸ ਹਮਲੇ ਦੇ ਮੁੱਖ ਕਾਰਨ ਹਨ:

ਪ੍ਰਮਾਣੂ ਪ੍ਰੋਗਰਾਮ: ਅਮਰੀਕਾ ਨੂੰ ਈਰਾਨ 'ਤੇ ਪ੍ਰਮਾਣੂ ਹਥਿਆਰ ਵਿਕਸਤ ਕਰਨ ਦਾ ਸ਼ੱਕ ਸੀ। ਈਰਾਨ ਨੇ ਵਾਰ-ਵਾਰ ਕਿਹਾ ਹੈ ਕਿ ਇਸਦਾ ਇੱਕੋ ਇੱਕ ਉਦੇਸ਼ ਊਰਜਾ ਉਤਪਾਦਨ ਅਤੇ ਖੋਜ ਹੈ।

ਬੈਲਿਸਟਿਕ ਮਿਜ਼ਾਈਲਾਂ: ਈਰਾਨ ਕਹਿੰਦਾ ਹੈ ਕਿ ਉਸਦੀਆਂ ਮਿਜ਼ਾਈਲਾਂ ਉਸਦੀ ਸੁਰੱਖਿਆ ਲਈ ਜ਼ਰੂਰੀ ਹਨ, ਅਤੇ ਅਮਰੀਕਾ ਨੇ ਇਸ ਮੁੱਦੇ 'ਤੇ ਲਗਾਤਾਰ ਦਬਾਅ ਪਾਇਆ ਹੈ।

ਮੱਧ ਪੂਰਬ ਵਿੱਚ ਪ੍ਰਭਾਵ: ਈਰਾਨ ਇਰਾਕ, ਸੀਰੀਆ, ਲੇਬਨਾਨ ਅਤੇ ਯਮਨ ਵਿੱਚ ਈਰਾਨ ਪੱਖੀ ਸਮੂਹਾਂ ਦਾ ਸਮਰਥਨ ਕਰਦਾ ਹੈ।

ਆਰਥਿਕ ਪਾਬੰਦੀਆਂ: ਅਮਰੀਕਾ ਨੇ ਈਰਾਨ 'ਤੇ ਸਖ਼ਤ ਆਰਥਿਕ ਪਾਬੰਦੀਆਂ ਲਗਾਈਆਂ, ਜਿਸ ਨਾਲ ਤਣਾਅ ਵਧਿਆ।

Hotel
EURO
PALACE
&
Restorent
Mandi road
Rewalsar
Wi fi & Rooms
Available
Mob:9817679963

ਅਦਾਰਾ ਫਤਿਹ ਟਾਈਮਜ਼ ਦੀ ਪੰਜਵੀਂ ਵਰ੍ਹੇਗੰਢ ਮੌਕੇ ਵਿਸ਼ੇਸ਼ ਇਸ਼ਤਿਹਾਰ

ਅਦਾਰਾ ਫਤਿਹ ਟਾਈਮਜ਼ ਦੀ ਪੰਜਵੀਂ ਵਰ੍ਹੇਗੰਢ ਮੌਕੇ ਵਿਸ਼ੇਸ਼ ਇਸ਼ਤਿਹਾਰ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ ਇਸ਼ਤਿਹਾਰ ਦੇਣ ਲਈ ਹੇਠ ਦਿੱਤੇ ਨੰਬਰ ਤੇ ਸੰਪਰਕ ਕਰੋ।
ਮੋ:99885-37575

ਪੱਤਰਕਾਰਾਂ ਦੀ ਲੋੜ

ਅਦਾਰਾ ਫਤਿਹ ਟਾਈਮਜ਼ ਨੂੰ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਕਸਬਿਆਂ ਤੋਂ ਪੜ੍ਹੇ ਲਿਖੇ ਰਿਪੋਰਟਰਾਂ ਦੀ ਲੋੜ ਹੈ ਚਾਹਵਾਨ ਹੇਠ ਦਿੱਤੇ ਨੰਬਰ ਤੇ ਸੰਪਰਕ ਕਰਨ ।
ਮੋ:99885-37575

# ਸੰਤ ਨਿਰੰਕਾਰੀ ਸ਼ਾਖਾ, ਹਰਿਆਲ ਮੈਡੀਕਲ ਕੈਂਪ ਵਿੱਚ 150 ਮਰੀਜ਼ਾਂ ਦੀ ਮਾਹਰ ਡਾਕਟਰਾਂ ਦੁਆਰਾ ਕੀਤੀ ਜਾਂਚ ਅਤੇ ਮੁਫ਼ਤ ਦਵਾਈਆਂ ਵੰਡੀਆਂ

## ਨੇਕ ਉਪਰਾਲਾ




ਪਠਾਨਕੋਟ, 1 ਮਾਰਚ (ਪਵਨ ਸ਼ਰਮਾਂ) ਵ੍ਹਾਈਟ ਮੈਡੀਕਲ ਕਾਲਜ ਅਤੇ ਹਸਪਤਾਲ, ਬੁੰਗਲ ਨੇ ਐਤਵਾਰ ਨੂੰ ਸੰਤ ਨਿਰੰਕਾਰੀ ਸ਼ਾਖਾ, ਹਰਿਆਲ ਵਿਖੇ ਇੱਕ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਦਾ ਆਯੋਜਨ ਕੀਤਾ। ਚੇਅਰਮੈਨ ਡਾ. ਸਵਰਨ ਸਿੰਘ ਸਲਾਰੀਆ ਅਤੇ ਮੈਨੇਜਿੰਗ ਡਾਇਰੈਕਟਰ ਸੁਨੈਨਾ ਸੰਬਿਆਲ ਦੀ ਅਗਵਾਈ ਹੇਠ, ਲਗਭਗ 150 ਮਰੀਜ਼ਾਂ ਦੀ ਮਾਹਰ ਡਾਕਟਰਾਂ ਦੁਆਰਾ ਜਾਂਚ ਕੀਤੀ ਗਈ ਅਤੇ ਮੁਫ਼ਤ ਦਵਾਈਆਂ ਪ੍ਰਦਾਨ ਕੀਤੀਆਂ ਗਈਆਂ। ਕੈਂਪ ਵਿੱਚ ਸਰਜਨ ਡਾ. ਰਈਸ ਖਾਨ, ਐਮਡੀ ਡਾ. ਮਾਹੀਰ, ਮੈਡੀਕਲ ਅਫਸਰ ਡਾ. ਰੀਆ ਅਤੇ ਨਰਸਿੰਗ ਸੁਪਰਡੈਂਟ ਅਨੀਤਾ ਦੀ ਟੀਮ ਨੇ ਸੇਵਾਵਾਂ ਪ੍ਰਦਾਨ ਕੀਤੀਆਂ। ਇਸ ਮੌਕੇ ਬ੍ਰਾਂਚ ਹੈੱਡ ਮਹਾਤਮਾ ਪ੍ਰਿੰਸੀਪਲ ਅਸ਼ੋਕ ਕੁਮਾਰ ਮੌਜੂਦ ਸਨ। ਉਨ੍ਹਾਂ ਕਿਹਾ ਕਿ ਮਨੁੱਖਤਾ ਦੀ ਭਲਾਈ ਲਈ ਲਗਾਇਆ ਗਿਆ ਇਹ ਕੈਂਪ ਇੱਕ ਪ੍ਰੇਰਨਾਦਾਇਕ ਸਮਾਜ ਸੇਵਾ ਪਹਿਲ ਹੈ ਅਤੇ ਇਸ ਲਈ ਹਸਪਤਾਲ ਪ੍ਰਬੰਧਨ ਦਾ ਧੰਨਵਾਦ ਕੀਤਾ।

ਸ਼ੂਗਰ ਅਤੇ ਹਾਈ ਬਲੱਡ ਪ੍ਰੈਸ਼ਰ ਵਾਲੇ ਮਰੀਜ਼ਾਂ ਦੀ ਵੱਡੀ ਗਿਣਤੀ: ਡਾ. ਰਈਸ ਖਾਨ, ਐਮਡੀ, ਅਤੇ ਡਾ. ਮਾਹੀਰ, ਦ ਵ੍ਹਾਈਟ ਮੈਡੀਕਲ ਕਾਲਜ ਐਂਡ ਹਸਪਤਾਲ, ਬੁੰਗਲ ਦੇ ਮਾਹਿਰ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਸਕ੍ਰੀਨਿੰਗ ਦੌਰਾਨ, ਸ਼ੂਗਰ ਅਤੇ ਹਾਈ ਬਲੱਡ ਪ੍ਰੈਸ਼ਰ (ਬੀਪੀ) ਵਾਲੇ ਮਰੀਜ਼ਾਂ ਦੀ ਵੱਡੀ ਗਿਣਤੀ ਪਾਈ ਗਈ। ਇਸ ਤੋਂ ਇਲਾਵਾ, ਬਵਾਸੀਰ, ਗੋਡਿਆਂ ਦੇ ਦਰਦ ਅਤੇ ਹੋਰ ਬਿਮਾਰੀਆਂ ਵਾਲੇ ਮਰੀਜ਼ਾਂ ਦੀ ਵੀ ਪਛਾਣ ਕੀਤੀ ਗਈ। ਮਰੀਜ਼ਾਂ ਨੂੰ ਆਯੁਸ਼ਮਾਨ ਕਾਰਡ ਯੋਜਨਾ ਤਹਿਤ ਦ ਵ੍ਹਾਈਟ ਮੈਡੀਕਲ ਕਾਲਜ ਐਂਡ ਹਸਪਤਾਲ, ਬੁੰਗਲ ਵਿਖੇ ਉਪਲਬਧ ਮੁਫਤ ਇਲਾਜ ਬਾਰੇ ਵੀ ਜਾਗਰੂਕ ਕੀਤਾ ਗਿਆ। ਕੈਂਪ ਵਿੱਚ ਹਸਪਤਾਲ ਅਤੇ ਸ਼ਾਖਾ ਦੇ ਅਧਿਕਾਰੀਆਂ ਨੇ ਸਰਗਰਮੀ ਨਾਲ ਹਿੱਸਾ ਲਿਆ। ਹਸਪਤਾਲ ਨਰਸਿੰਗ ਸਟਾਫ ਬਲਕਾਰ, ਸਪਨਾ ਅਤੇ ਪ੍ਰਭਾ, ਓਪੀਡੀ ਸਟਾਫ ਬਲਜੀਤ, ਫਾਰਮੇਸੀ ਸਟਾਫ ਸੁਨੀਲ, ਅਤੇ ਸੰਤ ਨਿਰੰਕਾਰੀ ਸ਼ਾਖਾ ਹਰਿਆਲ ਦੇ ਅਧਿਕਾਰੀ ਮੌਜੂਦ ਸਨ।

# ਲੋਪੋਕੇ ਸੀਐਚਸੀ ਮਾਮਲਾ: ਮੈਡੀਕਲ ਬੋਰਡ ਦੀ ਰਿਪੋਰਟ ‘ਤੇ ਸਵਾਲ, ਨਵੇਂ ਹਾਈ ਪਾਵਰ ਮੈਡੀਕਲ ਬੋਰਡ ਦੀ ਮੰਗ



ਅੰਮ੍ਰਿਤਸਰ, 1 ਮਾਰਚ (ਹਰਪਾਲ ਸਿੰਘ) ਸਰਹੱਦੀ ਇਲਾਕੇ ਦੇ ਮੁੱਢਲੀਆਂ ਸਿਹਤ ਸਹੂਲਤਾਂ ਤੋਂ ਵਾਂਝੇ ਕਮਿਊਨਿਟੀ ਹੈਲਥ ਸੈਂਟਰ ਲੋਪੋਕੇ ਵਿੱਚ 13 ਜਨਵਰੀ 2026 ਨੂੰ ਲੋਹੜੀ ਵਾਲੇ ਦਿਨ ਵਿਨੋਦ ਕੁਮਾਰ ਨਾਂ ਦੇ ਨੌਜਵਾਨ ਵੱਲੋਂ ਹਸਪਤਾਲ ਦੇ ਸਟਾਫ਼ ਤੋਂ ਤੰਗ ਆ ਕਿ ਆਪਣੀ ਜੀਵਨ ਲੀਲਾ ਖ਼ਤਮ ਕਰਨ ਦੀ ਜਾਂਚ ਕਰਨ ਸਬੰਧੀ ਬਣਾਈ ਗਈ ਪੰਜ ਮੈਂਬਰੀ ਮੈਡੀਕਲ ਬੋਰਡ ਦੀ ਜਾਂਚ ਰਿਪੋਰਟ ‘ਤੇ ਗੰਭੀਰ ਸਵਾਲ ਉਠਾਏ ਗਏ ਹਨ। ਬੋਰਡ ਨੇ ਜਿਸ ਦੇ ਵਿਚ ਡਾ. ਜੋਧਵੀਰ ਸਿੰਘ - ਐਮ.ਐਸ. ਸਰਜਰੀ, ਸਿਵਲ ਹਸਪਤਾਲ ਅੰਮ੍ਰਿਤਸਰ,ਡਾ. ਸਾਮਿਆ ਕੋਹਲੀ - ਐਮ.ਡੀ. ਐਨੇਸਥੀਸੀਆ,ਡਾ. ਈਸ਼ਾ ਧਵਨ - ਐਮ.ਡੀ. ਸਾਇਕੈਟਰੀ,ਡਾ. ਰਜਨੀਸ਼ ਕੁਮਾਰ - ਐਮ.ਡੀ. ਮੈਡੀਸਨ ਡਾ. ਰਜਿੰਦਰ ਪਾਲ ਕੌਰ - ਸਹਾਇਕ ਸਿਵਲ ਸਰਜਨ ਮੈਂਬਰ ਸ਼ਾਮਲ ਹਨ ਨੇ ਆਪਣੀ ਰਿਪੋਰਟ ਸਿਵਲ ਸਰਜਨ ਅੰਮ੍ਰਿਤਸਰ ਡਾ ਸਤਿੰਦਰਜੀਤ ਸਿੰਘ ਬਜਾਜ ਨੂੰ ਸੌਂਪ ਦਿੱਤੀ ਹੈ। ਸੀਐਚਸੀ ਲੋਪੋਕੇ ਦੇ ਟ੍ਰੀਟਿੰਗ ਡਾਕਟਰ ਡਾ. ਸਾਹਿਲ ਭਾਰਦਵਾਜ ਅਤੇ ਸਟਾਫ਼ ਐਸ/ਐਨ ਗਗਨਪ੍ਰੀਤ ਕੌਰ, ਐਸ/ਐਨ ਪਰਮਜੀਤ ਕੌਰ, ਐਸ/ਐਨ ਨਵਨੀਤ ਕੌਰ ਨੂੰ ਬਿਆਨ ਦੇਣ ਲਈ ਤਲਬ ਕੀਤਾ ਗਿਆ ਸੀ। ਹਾਈ ਪਾਵਰ ਮੈਡੀਕਲ ਬੋਰਡ ਨੂੰ ਬੇਨਤੀ ਹੈ ਕਿ ਸਰਜਨ ਡਾ ਜਸਕਰਨ ਸਿੰਘ ਜਿਸ ਨੂੰ ਮਰੀਜ਼ ਦੀ ਵਿਗੜੀ ਸਿਹਤ ਸੰਬੰਧੀ ਰਾਏ ਲੈਣ ਲਈ ਸੱਦਿਆ ਗਿਆ ਸੀ ( ਡਾ ਸਾਹਿਲ ਭਾਰਤਵਾਜ ਅਤੇ ਸਟਾਫ਼ ਦੇ ਲਿਖਤੀ ਬਿਆਨ ਅਨੁਸਾਰ ),ਸੀਨੀਅਰ ਮੈਡੀਕਲ ਅਫ਼ਸਰ ਅਤੇ ਸਿਵਲ ਸਰਜਨ ਨੂੰ ਵੀ ਜਾਂਚ ਵਿਚ ਸ਼ਾਮਲ ਕੀਤਾ ਜਾਵੇ। ਸਰਜਨ ਡਾ. ਜਸਕਰਨ ਸਿੰਘ ਨੇ ਮਰੀਜ਼ ਨੂੰ ਚੈੱਕ ਕਰਕੇ ਜੋ ਰਾਏ ਦਿੱਤੀ ਉਹ ਲਿਖਤੀ ਲਈ ਜਾਵੇ ਅਤੇ ਸਿਵਲ ਸਰਜਨ ਵੱਲੋਂ ਜੋ ਪੜਤਾਲ ਰਿਪੋਰਟ ਨੂੰ ਸਹਿਮਤੀ ਦਿੱਤੀ ਗਈ ਦੇ ਬਾਰੇ ਲਿਖਤੀ ਲਿਆ ਜਾਵੇ ਕਿ ਉਨ੍ਹਾਂ ਨੇ ਸਹਿਮਤੀ ਦੇਣ ਸਮੇਂ ਕਿਹੜੇ ਮਾਪਦੰਡ ਨੂੰ ਅਧਾਰ ਬਣਾਇਆ। ਸ਼ਿਕਾਇਤਕਰਤਾ ਨੇ ਇਸ ਰਿਪੋਰਟ ਨੂੰ ਰੱਦ ਕਰਕੇ ਨਵਾਂ ਹਾਈ ਪਾਵਰ ਅਤੇ ਸੁਤੰਤਰ ਮੈਡੀਕਲ ਬੋਰਡ ਬਣਾਉਣ ਦੀ ਮੰਗ ਕੀਤੀ ਹੈ।ਮਜੀਠਾ ਰੋਡ ਸਥਿਤ ਮੂਨ ਐਵੇਨਿਊ ਦੇ ਰਹਿਣ ਵਾਲੇ ਪਰਵੀਨ ਕੁਮਾਰ ਨੇ ਸਿਵਲ ਸਰਜਨ ਅੰਮ੍ਰਿਤਸਰ ਨੂੰ ਨੂੰ ਦਿੱਤੀ ਇੱਕ ਵਿਸਥਾਰਪੂਰਕ ਅਰਜ਼ੀ ਵਿੱਚ ਦੋਸ਼ ਲਗਾਇਆ ਹੈ ਕਿ ਮੌਜੂਦਾ ਜਾਂਚ ਰਿਪੋਰਟ ਵਿੱਚ “ਗੰਭੀਰ ਵਿਰੋਧਾਭਾਸ, ਗੁੰਮ ਦਸਤਾਵੇਜ਼ ਅਤੇ ਅਣਦੇਖੇ ਸਬੂਤ” ਹਨ, ਜਿਸ ਨਾਲ ਜਾਂਚ ਦੀ ਪਾਰਦਰਸ਼ਤਾ ਅਤੇ ਨਿਰਪੱਖਤਾ ‘ਤੇ ਸਵਾਲ ਖੜ੍ਹੇ ਹੁੰਦੇ ਹਨ। ਉਹਨਾਂ ਇਹ ਵੀ ਦੱਸਿਆ ਹੈ ਕਿ ਮਰੀਜ਼ ਦੀ ਅਸਲ ਸ਼ਿਕਾਇਤ ਦੀ ਅਣਦੇਖੀ ਰਿਪੋਰਟ ਦੇਣ ਸਮੇਂ ਅਤੇ ਇਲਾਜ਼ ਕਰਨ ਸਮੇਂ ਵੀ ਕੀਤੀ ਗਈ ਹੈ।ਮਰੀਜ਼ ਅਤੇ ਉਸ ਨੂੰ ਹਸਪਤਾਲ ਵਿਚ ਦਾਖਲ ਕਰਵਾਉਣ ਵਾਲੇ ਅਣਜਾਣ ਵਿਆਕਤੀ ਵੱਲੋਂ ਸਾਹ ਬੰਦ ਹੋਣ ਦੀ ਗੱਲ ਬਾਰ ਬਾਰ ਕਹੀ ਗਈ ਅਤੇ ਇੱਕ ਵਾਰ ਵੀ ਪੇਟ ਵਿਚ ਦਰਦ ਹੋਣ ਦੀ ਗੱਲ ਨਹੀਂ ਕਹੀ ਪਰ ਡਾਕਟਰਾਂ ਵੱਲੋਂ ਆਪਣੇ ਬਿਆਨ ਅਤੇ ਮੈਡੀਕਲ ਬੋਰਡ ਵੱਲੋਂ ਆਪਣੀ ਪੜਤਾਲ ਰਿਪੋਰਟ ਵਿਚ ਪੇਟ ਦਰਦ ਦੀ ਗੱਲ ਤੇ ਹੀ ਜ਼ੋਰ ਦੇ ਕਿ ਜਾਂਚ ਨੂੰ ਆਪਣੇ ਹਿਸਾਬ ਨਾਲ ਮੋੜ ਕਿ ਇੱਕ ਦੂਜੇ ਨੂੰ ਬਚਾਉਣ ਦੀ ਦੀ ਕੋਸ਼ਿਸ਼ ਕੀਤੀ ਹੈ। ਸਾਰੀ ਪੇਟ ਦਰਦ ਦੇ ਆਲੇ ਦੁਆਲੇ ਘੁਮਾਈ ਗਈ ਹੈ। ਰਿਪੋਰਟ ਵਿਚ ਪੇਟ ਵਿਚ ਦਰਦ ਦਰਜ ਕੀਤੀ ਗਈ।ਆਕਸੀਜਨ ਦੇਣ ਜਾਂ ਐਮਰਜੈਂਸੀ ਮੈਨੇਜਮੈਂਟ ਦਾ ਰਿਕਾਰਡ ਨਹੀਂ ਕਿਤੇ ਵੀ ਇਹ ਦਰਜ ਨਹੀਂ ਕਿ ਮਰੀਜ਼ ਨੂੰ ਆਕਸੀਜਨ ਦਿੱਤੀ ਗਈ ਕਿ ਨਹੀਂ,ਬੀਪੀ, ਪਲਸ ਜਾਂ ਈਸੀਜੀ ਚੈੱਕ ਕੀਤੀ ਗਈ ਜਾਂ ਨਹੀਂ।

ਸ਼ਿਕਾਇਤਕਰਤਾ ਦੇ ਅਨੁਸਾਰ, 21 ਜਨਵਰੀ 2026 ਨੂੰ ਬਣਾਈ ਗਈ ਪੰਜ ਮੈਂਬਰੀ ਮੈਡੀਕਲ ਬੋਰਡ ਨੇ ਮਰੀਜ਼ ਦੀ ਮੌਤ ਨਾਲ ਸੰਬੰਧਿਤ ਮਹੱਤਵਪੂਰਨ ਮੈਡੀਕਲ ਰਿਕਾਰਡ, ਸਟਾਫ ਦੇ ਬਿਆਨ ਅਤੇ ਹੋਰ ਦਸਤਾਵੇਜ਼ੀ ਸਬੂਤਾਂ ਦੀ ਢੰਗ ਨਾਲ ਜਾਂਚ ਨਹੀਂ ਕੀਤੀ।ਬੋਰਡ ਦੀ ਰਿਪੋਰਟ ਮੁਤਾਬਕ ਮਰੀਜ਼ ਨੂੰ 13 ਜਨਵਰੀ 2026 ਨੂੰ ਸਵੇਰੇ 11:35 ਵਜੇ ਸੀ ਐਚ ਸੀ ਲੋਪੋਕੇ ਦੀ ਐਮਰਜੈਂਸੀ ਵਿੱਚ ਲਿਆਂਦਾ ਗਿਆ ਅਤੇ 11:55 ਵਜੇ ਸਵੇਰੇ ਗੁਰੂ ਨਾਨਕ ਦੇਵ ਹਸਪਤਾਲ ਲਈ ਰੈਫਰ ਕਰ ਦਿੱਤਾ ਗਿਆ ਪਰ ਸ਼ਿਕਾਇਤਕਰਤਾ ਨੇ ਰਿਪੋਰਟ ਵਿੱਚ ਦਰਸਾਏ ਗਏ ਘਟਨਾ-ਕ੍ਰਮ ਦੀ ਸੰਭਾਵਨਾ ‘ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਕੇਵਲ 20 ਮਿੰਟਾਂ ਦੇ ਅੰਦਰ ਮਰੀਜ਼ ਦੀ ਜਾਂਚ, ਟੀਕੇ ਲਗਾਉਣਾ, ਸਰਜਨ ਨਾਲ ਸਲਾਹ ਅਤੇ ਰੈਫਰ ਕਰਨ ਦਾ ਫ਼ੈਸਲਾ ਹੋਣਾ ਵਾਸਤਵਿਕ ਨਹੀਂ ਲੱਗਦਾ।ਉਨ੍ਹਾਂ ਨੇ ਇਹ ਵੀ ਦੱਸਿਆ ਕਿ ਮੌਤ ਤੋਂ ਥੋੜ੍ਹਾ ਚਿਰ ਪਹਿਲਾਂ ਮਰੀਜ਼ ਵੱਲੋਂ ਕੀਤੀ ਗਈ ਇੱਕ ਫ਼ੋਨ ਕਾਲ ਵਿੱਚ ਉਸਨੇ ਕਥਿਤ ਤੌਰ ‘ਤੇ ਕਿਹਾ ਸੀ ਕਿ ਉਹ ਲਗਭਗ ਦੋ ਘੰਟਿਆਂ ਤੋਂ ਬਿਨਾਂ ਢੰਗ ਦੇ ਇਲਾਜ ਦੇ ਪੀੜਤ ਸੀ ਅਤੇ ਉਸਨੂੰ ਸਾਹ ਲੈਣ ਵਿੱਚ ਭਾਰੀ ਤਕਲੀਫ਼ ਹੋ ਰਹੀ ਸੀ। ਇਸ ਦੇ ਬਾਵਜੂਦ ਅਰਜ਼ੀ ਵਿੱਚ ਦੱਸਿਆ ਗਿਆ ਹੈ ਕਿ ਮੈਡੀਕਲ ਰਿਕਾਰਡ ਵਿੱਚ ਆਕਸੀਜਨ ਦੇਣ ਜਾਂ ਈ ਸੀ ਜੀ,ਨਬਜ਼, ਬਲੱਡ ਪ੍ਰੈਸ਼ਰ ਜਾਂ ਬਲੱਡ ਸ਼ੂਗਰ ਵਰਗੀਆਂ ਐਮਰਜੈਂਸੀ ਜਾਂਚਾਂ ਦਾ ਕੋਈ ਜ਼ਿਕਰ ਨਹੀਂ ਹੈ।ਅਰਜ਼ੀ ਵਿੱਚ ਇੱਕ ਹੋਰ ਮਹੱਤਵਪੂਰਨ ਸਵਾਲ ਇਹ ਉਠਾਇਆ ਗਿਆ ਹੈ ਕਿ 11:55 ਵਜੇ ਤੋਂ 12:50 ਵਜੇ ਤੱਕ ਦੇ ਸਮੇਂ ਦੌਰਾਨ ਜੋ ਕੁੱਝ ਹੋਰ ਵਾਪਰਿਆ ਤੇ ਪਰਦਾ ਪਾਉਣ ਲਈ ਸਿੱਧੇ ਮਰੀਜ਼ ਨੂੰ ਬਾਅਦ ਵਿੱਚ ਵਾਪਸ ਹਸਪਤਾਲ ਲਿਆ ਕੇ ਮ੍ਰਿਤ ਘੋਸ਼ਿਤ ਕੀਤਾ ਗਿਆ ਦਾ ਜ਼ਿਕਰ ਕਰ ਦਿੱਤਾ ਗਿਆ। ਰਿਪੋਰਟ ਵਿਚ ਇਸ ਤੋਂ ਪਹਿਲਾ ਵੀ ਕਿਸ ਤਰ੍ਹਾਂ ਦੀ ਮੈਡੀਕਲ ਕਾਰਵਾਈ ਅਮਲ ਵਿਚ ਲਿਆਂਦੀ ਦਾ ਵੀ ਕੋਈ ਰਿਕਾਰਡ ਦਰਜ ਨਹੀਂ ਹੈ। ਸ਼ਿਕਾਇਤਕਰਤਾ ਦਾ ਦੋਸ਼ ਹੈ ਕਿ ਜਾਂਚ ਰਿਪੋਰਟ ਇਸ ਅਹਿਮ ਸਮੇਂ ਦੌਰਾਨ ਡਾਕਟਰਾਂ ਜਾਂ ਸਟਾਫ ਵੱਲੋਂ ਕੀ ਕਾਰਵਾਈ ਕੀਤੀ ਗਈ, ਇਸ ਬਾਰੇ ਕੋਈ ਸਪਸ਼ਟੀਕਰਨ ਨਹੀਂ ਦਿੰਦੀ।ਅਰਜ਼ੀ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਪਰਿਵਾਰਕ ਮੈਂਬਰਾਂ ਨੇ ਬਾਅਦ ਵਿੱਚ ਹਸਪਤਾਲ ਕੰਪਲੈਕਸ ਦੇ ਅੰਦਰ ਪਾਣੀ ਦੀ ਟੈਂਕੀ ਦੀ ਗ੍ਰਿਲ ਨਾਲ ਵਿਨੋਦ ਕੁਮਾਰ ਨੂੰ ਲਟਕਦਾ ਹੋਇਆ ਲਭਿਆ ।

Editor,Owner and Publisher Sarbjot Singh Sandha on behalf of Fateh Times online news and media company Regd:PB22000167,Published from Fateh Times H/O Mankdeka Road , Fatehabad,(Tarntaran) 143407
ਅਦਾਲਤੀ ਸ਼ਿਕਾਇਤਾਂ ਅਤੇ ਝਗੜਿਆਂ ਦਾ ਨਿਪਟਾਰਾ ਕੇਵਲ ਲੋਕਲ ਸਬ ਡਵੀਜਨ ਖਡੂਰ ਸਾਹਿਬ ਵਿਖੇ ਹੀ ਹੋਵੇਗਾ।

# ਅਰਬ ਲੋਕਾਂ ਦੀ ਗਦਾਰੀ ਕਰਕੇ ਨਿਡਰ ਸੁਪਰੀਮ ਲੀਡਰ ਬੁੱਢਾ ਸ਼ੇਰ ਅਲੀ ਖਮਨਾਈ ਸਦਾ ਲਈ ਗੂੜ੍ਹੀ ਨੀਂਦ ਸੌ ਗਿਆ : ਜਗਮੋਹਨ ਵਾਲੀਆ



ਫਤਿਹ ਟਾਈਮਜ਼

ਰਾਮਪੁਰਾ ਫੂਲ, 1 ਮਾਰਚ (ਡਾ ਬਿੰਦੀ) ਈਰਾਨ ਦੇ ਨਿਡਰ ਸੁਪਰੀਮ ਲੀਡਰ ਬੁੱਢਾ ਸ਼ੇਰ ਅਲੀ ਖਮਨਾਈ ਨੇ ਆਪਣੇ ਦੇਸ਼ ਨੂੰ ਦੱਸ ਦਿੱਤਾ ਹੈ ਕਿਵੇਂ ਨਿਡਰ ਹੋ ਕੇ ਜੰਗ ਲੜੀ ਜਾਂਦੀ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਬੁੱਢੇ ਸ਼ੇਰ ਨੇ ਅਮਰੀਕਾ ਦੇ ਨੱਕ ਵਿੱਚ ਦਮ ਕਰਕੇ ਰੱਖ ਦਿੱਤਾ ਹੈ ਅਰਬ ਦੇਸ਼ਾਂ ਨੇ ਆਪਣੇ ਮੁਲਕ ਨਾਲ ਗਦਾਰੀ ਕਰਕੇ ਦੂਸਰੇ ਦੇਸ਼ ਦਾ ਸਾਥ ਦਿੱਤਾ ਹੈ ਉਹ ਸਮਾਂ ਦੂਰ ਨਹੀ ਅਮਰੀਕਾ ਵਰਗੇ ਦੇਸ਼ ਤੁਹਾਡੇ ਉੱਤੇ ਵੀ ਕਬਜ਼ਾ ਕਰਨ ਨੂੰ ਤਿਆਰ ਰਹਿਣਗੇ ਅਤੇ ਤੁਹਾਨੂੰ ਘੁਟਣੇ ਟੇਕਣੇ ਪੈਣਗੇ। ਆਉਣਾ ਵਾਲਾ ਸਮਾਂ ਦੱਸ ਰਿਹਾ ਹੈ ਕਿ ਵਰਡ ਵਾਰ 3 ਦਾ ਯੁੱਧ ਸ਼ੁਰੂ ਹੋਣ ਵਾਲਾ ਹੈ ਅਤੇ ਸਾਰੇ ਦੇਸ਼ ਆਪਣੀਆਂ ਤਿਆਰੀਆਂ ਪਹਿਲਾ ਤੋ ਕਰ ਕੇ ਬੈਠੇ ਨੇ ਪਰ ਅਫਸੋਸ ਦੀ ਗੱਲ ਹੈ ਬਿਨਾਂ ਵਜ੍ਹਾ ਤੋਂ ਬੇਕਸੂਰ ਲੋਕਾਂ ਨੂੰ ਜਾਨ ਤੋਂ ਹੱਥ ਗਵਾਣਾ ਪੈ ਰਿਹਾ ਹੈ। ਮੈਂ ਜਗਮੋਹਨ ਵਾਲੀਆਂ ਇਹੀ ਅਰਦਾਸ ਕਰਦਾ ਪਰਮਾਤਮਾ ਸਾਰੇ ਦੇਸ਼ਾਂ ਦੇ ਵਿੱਚ ਸੁੱਖ ਸ਼ਾਂਤੀ ਬਣਾਈ ਰੱਖੀ ਬਿਨਾਂ ਵਜ੍ਹਾ ਕਿਸੇ ਦੇ ਪਰਿਵਾਰ ਭੈਣ ਭਰਾ ਦਾ ਨੁਕਸਾਨ ਹੋਣ ਤੋਂ ਬਚਾ ਰਹੇ ਅਤੇ ਭਾਰਤ ਦੇ ਲੋਕ ਦੁਬਈ ਬਹਿਰੀਨ ਆਬੂਧਾਬੀ ਕਤਰ ਇਜ਼ਰਾਈਲ ਅਤੇ ਇਰਾਨ ਵਿੱਚ ਫਸੇ ਹੋਏ ਹਨ ਉਹਨਾਂ ਨੂੰ ਭਾਰਤ ਦੇ ਵਿਦੇਸ਼ ਮੰਤਰੀ ਅਤੇ ਮੋਦੀ ਸਰਕਾਰ ਛੇਤੀ ਤੋਂ ਛੇਤੀ ਵਾਪਿਸ ਲਿਆਵੇ ਅਤੇ ਜਿਵੇਂ ਵੀ ਕਰਕੇ ਅੰਬੈੱਸੀਆ ਨਾਲ ਸਪੰਰਕ ਕਰਕੇ ਭਾਰਤ ਆਪਣੇ ਘਰਾਂ ਵਿੱਚ ਵਾਪਿਸ ਆ ਜਾਣ।

# ਨੌਜਵਾਨ ਰਣਜੀਤ ਸਿੰਘ ਦੇ ਮੁਕਾਬਲੇ ਦੀ ਉੱਚ ਪੱਧਰੀ ਜਾਂਚ ਸੀ ਬੀ ਆਈ ਤੋਂ ਕਰਾਈ ਜਾਵੇ - ਜਾਮਾਰਾਏ, ਪੰਡੋਰੀ

ਫਤਿਹ ਟਾਈਮਜ਼




ਤਰਨ ਤਾਰਨ , 1 ਮਾਰਚ (ਐਸ ਐਸ ਸੰਧਾ) ਨੌਜਵਾਨ ਰਣਜੀਤ ਸਿੰਘ ਨੂੰ ਝੂਠਾ ਮੁਕਾਬਲਾ ਬਣਾ ਕੇ ਮਾਰਨ ਦਾ ਗੰਭੀਰ ਨੋਟਿਸ ਲੈਂਦਿਆਂ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐਮਪੀਆਈ) ਦੇ ਸੂਬਾਈ ਸਕੱਤਰ ਪਰਗਟ ਸਿੰਘ ਜਮਾਰਾਏ ਸੂਬਾਈ ਆਗੂ ਬਲਦੇਵ ਸਿੰਘ ਪੰਡੋਰੀ ਨੇ ਇੱਕ ਸਾਂਝੇ ਪ੍ਰੈਸ ਬਿਆਨ ਰਾਹੀ ਇਸ ਵਰਤਾਰੇ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ। ਇਹਨਾ ਆਗੂਆਂ ਨੇ ਕਿਹਾ ਕਿ ਗੈਂਗਸਟਰਾਂ ਨੂੰ ਖ਼ਤਮ ਕਰਨ ਦੇ ਨਾਂ ਹੇਠ ਪੰਜਾਬ ਸਰਕਾਰ ਵੱਲੋਂ ਪੁਲਿਸ ਨੂੰ ਗ਼ੈਰ ਅਦਾਲਤੀ ਹੱਤਿਆਵਾਂ ਕਰਨ ਦੀ ਖੁੱਲ੍ਹੀ ਛੁੱਟੀ ਦੇਣਾ ਬਹੁਤ ਹੀ ਖ਼ਤਰਨਾਕ ਵਰਤਾਰਾ ਹੈ ਜਿਸਦਾ ਸਾਰੇ ਇਨਸਾਫ਼ਪਸੰਦ, ਜਮਹੂਰੀ ਤਾਕਤਾਂ ਨੂੰ ਗੰਭੀਰ ਨੋਟਿਸ ਲੈਣ ਦੀ ਲੋੜ ਹੈ। ਕੋਈ ਵੀ ਨੌਜਵਾਨ ਜਨਮ ਤੋਂ ਗੈਂਗਸਟਰ ਜਾਂ ਮੁਜਰਿਮ ਨਹੀਂ ਹੁੰਦਾ, ਇਹ ਹਾਕਮ ਜਮਾਤੀ ਸਿਆਸਤ ਹੀ ਹੈ ਜੋ ਆਪਣੇ ਰਾਜਨੀਤਕ ਹਿਤਾਂ ਲਈ ਗੁੰਡਾ ਗੈਂਗਾਂ ਦਾ ਪਾਲਣ-ਪੋਸ਼ਣ ਤੇ ਰਾਜਨੀਤਕ ਸਰਪ੍ਰਸਤੀ ਕਰਦੀ ਹੈ। ਗੈਂਗਸਟਰਾਂ ਦੇ ਵਰਤਾਰੇ ਦੇ ਮੂਲ ਕਾਰਨਾਂ ਨੂੰ ਮੁਖ਼ਾਤਬ ਹੋਣ ਦੀ ਬਜਾਏ ਭਗਵੰਤ ਮਾਨ ਸਰਕਾਰ ਕਥਿਤ ਗੈਂਗਸਟਰਾਂ ਦੇ ਮੁਕਾਬਲੇ ਬਣਾ ਕੇ ਸਮਾਜ ਵਿਚ ਗਿਣ-ਮਿੱਥਕੇ ਪੁਲਸੀ ਦਹਿਸਤ ਅਤੇ ਖ਼ੌਫ਼ ਦਾ ਰਾਜ ਬਣਾ ਰਹੀ ਹੈ। ਜਿਨ੍ਹਾਂ ਕਥਿਤ ਗੈਂਗਸਟਰਾਂ ਨੂੰ ਪੁਲਿਸ ਸਹਿਜੇ ਹੀ ਗ੍ਰਿਫ਼ਤਾਰ ਕਰ ਸਕਦੀ ਹੈ, ਉਨ੍ਹਾਂ ਨੂੰ ਵੀ ਪੁਲਿਸ ਅਧਿਕਾਰੀ ਸਰਕਾਰ ਦੀ ਸ਼ਹਿ ’ਤੇ ਮੁਕਾਬਲਿਆਂ ਵਿਚ ਮਾਰ ਜਾਂ ਜ਼ਖ਼ਮੀ ਕਰ ਰਹੇ ਹਨ। ਇਹ ਦਰਅਸਲ ਲੋਕ ਸੰਘਰਸ਼ਾਂ ਦੀ ਜਥੇਬੰਦਕ ਤਾਕਤ ਨੂੰ ਦਬਾਉਣ ਲਈ ਦਹਿਸ਼ਤ ਦਾ ਮਾਹੌਲ ਬਣਾਉਣ ਤੇ ਪੁਲਿਸ ਰਾਜ ਵੱਲ ਵਧਣ ਦੇ ਵੱਡੇ ਵਰਤਾਰੇ ਦਾ ਹਿੱਸਾ ਹੈ। ਨੌਜਵਾਨ ਨੂੰ ਪੁਲਿਸ ਵੱਲੋਂ ਘਰੋਂ ਲੈ ਕੇ ਜਾਣ, ਹਥਿਆਰਾਂ ਦੀ ਬਰਾਮਦਗੀ ਮੌਕੇ ਫ਼ਰਾਰ ਹੋਇਆ ਦਿਖਾਉਣ, ਹਥਿਆਰ ਪ੍ਰਾਪਤ ਕਰਕੇ ਗੋਲੀ ਚਲਾਉਣ ਅਤੇ ਮੁਕਾਬਲਾ ਬਣਾਉਣ ਉਪਰੰਤ ਸੀਸੀਟੀਵੀ ਲਾਹ ਕੇ ਲੈ ਜਾਣ ਦੇ ਸਾਰੇ ਹਾਲਾਤ ਪੂਰੀ ਤਰ੍ਹਾਂ ਸਵਾਲਾਂ ਦੇ ਘੇਰੇ ’ਚ ਹਨ। ਦਰਅਸਲ, ਉਸ ਇਲਾਕੇ ਵਿਚ ਦੋ ਪੁਲਿਸ ਮੁਲਾਜ਼ਮਾਂ ਦੀ ਸ਼ੱਕੀ ਹਾਲਤਾਂ ’ਚ ਮੌਤ ਦੇ ਅਸਲ ਕਾਰਨਾਂ ਨੂੰ ਲੁਕੋਣ ਲਈ ਮੁਕਾਬਲੇ ਦੀ ਕਹਾਣੀ ਘੜਕੇ ਇਕ ਬੇਕਸੂਰ ਨੌਜਵਾਨ ਦੀ ਹੱਤਿਆ ਕਰ ਦਿੱਤੀ ਗਈ ਹੈ। ਉਨ੍ਹਾਂ ਮੰਗ ਕੀਤੀ ਕਿ ‘ਮੁਕਾਬਲੇ’ ਦੀ ਸੀਬੀਆਈ ਤੋਂ ਉੱਚ ਪੱਧਰੀ ਜਾਂਚ ਕਰਾਈ ਜਾਵੇ, ਉਹਨਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਮੁਕਾਬਲਿਆਂ ਦਾ ਡਰਾਮਾ ਬੰਦ ਕਰੇ ਅਤੇ ਮੁਕਾਬਲੇ ਬਣਾਉਣ ਵਾਲੇ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

**ਲੇਖ ਅਤੇ ਕਵਿਤਾਵਾਂ ਵਿਚਲੇ ਵਿਚਾਰ ਲੇਖਕ ਜਾਂ ਕਵੀ ਦੇ ਨਿੱਜੀ ਵਿਚਾਰ ਹਨ ਜਿਸ ਨਾਲ ਅਦਾਰਾ ਫਤਿਹ ਟਾਈਮਜ਼ ਦੇ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ।**

# ਕਿਹੜੇ ਹਾਲਾਤਾਂ ਵਿੱਚ ਮੂਰਖ ਬਣ ਜਾਣਾ ਚੰਗਾ ਹੈ?

ਫਤਿਹ ਟਾਈਮਜ਼




(ਲੜੀਵਾਰ ਲੇਖ ਕਿਸ਼ਤ 2)
(ਸਿਹਤਮੰਦ ਢੰਗ) - ਸੁਰੱਖਿਆ ਲਈ ਸਚੇਤ ਫੈਸਲਾ।
ਅੰਦਰੂਨੀ ਲਾਚਾਰੀ (ਅਸਿਹਤਮੰਦ ਢੰਗ) - ਆਤਮ-ਵਿਸ਼ਵਾਸ ਅਤੇ ਆਤਮ-ਮੁੱਲ ਦੀ ਹਾਨੀ।
ਪਹਿਲਾ ਜੀਵਨ ਬਚਾ ਸਕਦਾ ਹੈ, ਦੂਜਾ ਮਨੋਸਿਹਤ ਨੂੰ ਨੁਕਸਾਨ ਪਹੁੰਚਾ ਸਕਦਾ ਹੈ।
ਕੀ ਇਹ ਧਾਰਨਾ ਹਰ ਹਾਲਤ ਵਿੱਚ ਲਾਗੂ ਹੁੰਦੀ ਹੈ?
ਨਹੀਂ। ਇਹ ਪੂਰੀ ਤਰ੍ਹਾਂ ਸੰਦਰਭ ’ਤੇ ਨਿਰਭਰ ਕਰਦੀ ਹੈ।
ਜਿੱਥੇ ਲਾਭਕਾਰੀ ਹੋ ਸਕਦੀ ਹੈ:
ਹਿੰਸਕ ਜਾਂ ਅਨਿਸ਼ਚਿਤ ਸੱਤਾ ਹੇਠ ਜੀਵਨ, ਤੁਰੰਤ ਖ਼ਤਰੇ ਵਾਲੀ ਸਥਿਤੀ, ਸੰਕਟਕਾਲੀਨ ਹਾਲਾਤ
ਜਿੱਥੇ ਹਾਨੀਕਾਰਕ ਹੋ ਸਕਦੀ ਹੈ:
ਲੋਕਤੰਤਰਿਕ ਅਤੇ ਸੁਰੱਖਿਅਤ ਮਾਹੌਲ, ਕੰਮਕਾਜ ਦੀ ਥਾਂ ਜਿੱਥੇ ਸੰਚਾਰ ਲਾਭਕਾਰੀ ਹੈ, ਨਿੱਜੀ ਸੰਬੰਧ ਜਿੱਥੇ ਹੱਦਾਂ ਬਣਾਉਣੀ ਲੋੜੀਂਦੀ ਹੈ, ਸੁਰੱਖਿਅਤ ਮਾਹੌਲ ਵਿੱਚ ਅੰਨ੍ਹਾ ਸਮਰਪਣ ਵਿਕਾਸ ਅਤੇ ਆਤਮ-ਸਮਮਾਨ ਨੂੰ ਰੋਕ ਸਕਦਾ ਹੈ।
ਮਾਨਸਿਕ ਸਿਹਤ ’ਤੇ ਪ੍ਰਭਾਵ
ਲੰਬੇ ਸਮੇਂ ਤੱਕ ਵਿਚਾਰਾਂ ਅਤੇ ਭਾਵਨਾਵਾਂ ਨੂੰ ਦਬਾਉਣ ਨਾਲ ਗੰਭੀਰ ਪ੍ਰਭਾਵ ਹੋ ਸਕਦੇ ਹਨ।
ਚਿੰਤਾ ਰੋਗ (ਅਨਣਿਟੇ ਧਿਸੋਰਦਏਰਸ):
ਲਗਾਤਾਰ ਡਰ ਸਿਮਪੈਥੈਟਿਕ ਨਰਵਸ ਸਿਸਟਮ ਨੂੰ ਸਰਗਰਮ ਰੱਖਦਾ ਹੈ, ਜਿਸ ਨਾਲ ਘਬਰਾਹਟ, ਬੇਚੈਨੀ ਅਤੇ ਘਬਰਾਹਟ ਦੇ ਲੱਛਣ ਪੈਦਾ ਹੋ ਸਕਦੇ ਹਨ।
ਅਵਸਾਦ (ਧਏਪਰਏਸਸਿੋਨ):
ਬੇਬਸੀ ਅਤੇ ਭਾਵਨਾਤਮਕ ਦਬਾਉ ਡੋਪਾਮੀਨ ਅਤੇ ਸੈਰੋਟੋਨਿਨ ਦੀ ਘਾਟ ਨਾਲ ਜੁੜੇ ਹਨ, ਜਿਸ ਨਾਲ ਰੁਚੀ ਦੀ ਕਮੀ, ਥਕਾਵਟ, ਨੀਂਦ ਦੀ ਸਮੱਸਿਆ ਅਤੇ ਆਤਮ-ਮੁੱਲ ਘੱਟਦਾ ਹੈ।
ਅਧਿਐਨ ਦਿਖਾਉਂਦੇ ਹਨ ਕਿ ਲੰਬੇ ਤਣਾਅ ਨਾਲ ਦਿਮਾਗ ਦੇ ਹਿਪੋਕੈਂਪਸ ਦਾ ਆਕਾਰ ਘਟ ਸਕਦਾ ਹੈ, ਜਿਸ ਨਾਲ ਯਾਦਦਾਸ਼ਤ ਅਤੇ ਭਾਵਨਾਤਮਕ ਸੰਤੁਲਨ ਪ੍ਰਭਾਵਿਤ ਹੁੰਦਾ ਹੈ।
ਮਨੋਵਿਗਿਆਨਕ ਰੋਗ (ਫਸੇਚਹੋਸੋਮਓਟਿਚ ਿਲਲਨਏਸਸ):
ਉੱਚ ਖੂਨ ਦਬਾਅ ਅੰਤੜੀਆਂ ਦੀ ਗੜਬੜ (ਿਰਰਿਟਓਬਲਏ ਬੋਾਇਲ ਸ਼ੇਨਦਰੋਮਏ), ਲੰਬਾ ਸਮਾਂ ਚੱਲਣ ਵਾਲਾ ਸਿਰਦਰਦ।
ਆਟੋਇਮੀਊਨ ਰੋਗਾਂ ਦੀ ਤੀਬਰਤਾ
ਇਸ ਲਈ ਤੁਰੰਤ ਸੁਰੱਖਿਆ ਲਈ ਮੂਰਖ ਬਣਨਾ ਸਹਾਇਕ ਹੋ ਸਕਦਾ ਹੈ, ਪਰ ਲੰਬੇ ਸਮੇਂ ਦਾ ਦਬਾਅ ਮਾਨਸਿਕ ਸਿਹਤ ਲਈ ਖ਼ਤਰਨਾਕ ਹੋ ਸਕਦੀ ਹੈ।
ਸਮੂਹ ਮਨੋਵਿਗਿਆਨ ਅਤੇ ਅਨੁਕੂਲਤਾ
ਸਮਾਜਿਕ ਮਨੋਵਿਗਿਆਨਕ ਅਧਿਐਨ ਦਿਖਾਉਂਦੇ ਹਨ ਕਿ ਲੋਕ ਅਕਸਰ ਅਧਿਕਾਰ ਜਾਂ ਭੀੜ ਨਾਲ ਸਹਿਮਤ ਹੋ ਜਾਂਦੇ ਹਨ—ਭਾਵੇ ਜਦੋਂ ਉਹ ਜਾਣਦੇ ਹਨ ਕਿ ਇਹ ਗਲਤ ਹੈ।
ਇਸ ਨਾਲ ਸਾਬਤ ਹੁੰਦਾ ਹੈ ਕਿ ਮਨੁੱਖੀ ਦਿਮਾਗ ਸਮੂਹਕ ਸਵੀਕਾਰਤਾ ਨੂੰ ਸੁਰੱਖਿਆ ਨਾਲ ਜੋੜਦਾ ਹੈ। ਇਤਿਹਾਸਕ ਤੌਰ ’ਤੇ ਸਮੂਹ ਤੋਂ ਬਾਹਰ ਕੱਢੇ ਜਾਣਾ ਖ਼ਤਰਾ ਸੀ।
ਨੈਤਿਕ ਅਤੇ ਵਿਉਹਾਰਕ ਸੰਤੁਲਨ
ਮੁੱਢਲਾ ਸਵਾਲ ਇਹ ਨਹੀਂ ਕਿ ਹਮੇਸ਼ਾ ਮੂਰਖ ਬਣਨਾ ਚਾਹੀਦਾ ਹੈ, ਸਗੋਂ ਇਹ ਕਿ ਕਦੋਂ ਖਾਮੋਸ਼ੀ ਸੁਰੱਖਿਆ ਦਿੰਦੀ ਹੈ ਅਤੇ ਕਦੋਂ ਆਵਾਜ਼ ਇੱਜ਼ਤ ਬਚਾਉਂਦੀ ਹੈ।
ਸਿਹਤਮੰਦ ਤਰੀਕੇ: (ਚਲਦਾ)



ਲੇਖਕ: ਸੁਰਿੰਦਰਪਾਲ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ।

# ਏ.ਆਈ. ਕ੍ਰਾਂਤੀ: ਮਨੁੱਖੀ ਬੁੱਧੀ ਲਈ ਵਰਦਾਨ ਜਾਂ ਹੋਂਦ ਦਾ ਸੰਕਟ?

ਫਤਿਹ ਟਾਈਮਜ਼




(ਲੜੀਵਾਰ ਲੇਖ ਕਿਸ਼ਤ 1)
ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਅੱਜ ਦੇ ਦੌਰ ਦੀ ਸਭ ਤੋਂ ਚਰਚਿਤ ਅਤੇ ਕ੍ਰਾਂਤੀਕਾਰੀ ਤਕਨੀਕ ਬਣ ਚੁੱਕੀ ਹੈ। ਜਿਸ ਨੇ ਮਨੁੱਖੀ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕੀਤਾ ਹੈ। ਇਸ ਨੂੰ ਸੌਖੀ ਭਾਸ਼ਾ ਵਿੱਚ 'ਬਣਾਵਟੀ ਬੁੱਧੀ' ਕਿਹਾ ਜਾਂਦਾ ਹੈ। ਜਿਸ ਦਾ ਮਤਲਬ ਹੈ ਮਸ਼ੀਨਾਂ ਦੇ ਅੰਦਰ ਸੋਚਣ, ਸਮਝਣ ਅਤੇ ਫੈਸਲੇ ਲੈਣ ਦੀ ਸਮਰੱਥਾ ਪੈਦਾ ਕਰਨਾ। ਇਹ ਤਕਨੀਕ ਸਿਰਫ ਕੰਪਿਊਟਰ ਵਿਗਿਆਨ ਦਾ ਇੱਕ ਹਿੱਸਾ ਨਹੀਂ ਰਹੀ, ਸਗੋਂ ਇਹ ਮਨੁੱਖੀ ਸੱਭਿਅਤਾ ਦੇ ਵਿਕਾਸ ਦਾ ਇੱਕ ਨਵਾਂ ਪਾਠ ਹੈ। ਜਦੋਂ ਅਸੀਂ ਇਤਿਹਾਸ ਵੱਲ ਝਾਤ ਮਾਰਦੇ ਹਾਂ, ਤਾਂ ਮਨੁੱਖ ਨੇ ਹਮੇਸ਼ਾ ਅਜਿਹੇ ਸੰਦ ਬਣਾਉਣ ਦੀ ਕੋਸ਼ਿਸ਼ ਕੀਤੀ ਹੈ, ਜੋ ਉਸ ਦੇ ਕੰਮ ਨੂੰ ਸੌਖਾ ਬਣਾ ਸਕਣ, ਪਰ ਏ.ਆਈ. ਇਨ੍ਹਾਂ ਸਾਰੇ ਸੰਦਾਂ ਤੋਂ ਵੱਖਰੀ ਹੈ ਕਿਉਂਕਿ ਇਹ ਸਿਰਫ਼ ਹੁਕਮਾਂ ਦਾ ਪਾਲਣ ਨਹੀਂ ਕਰਦੀ, ਸਗੋਂ ਅੰਕੜਿਆਂ ਤੋਂ ਸਿੱਖਦੀ ਹੈ ਅਤੇ ਸਮੇਂ ਦੇ ਨਾਲ ਆਪਣੇ ਆਪ ਨੂੰ ਬਿਹਤਰ ਬਣਾਉਂਦੀ ਹੈ। ਇਸ ਦੀ ਸ਼ੁਰੂਆਤ ਵੀਹਵੀਂ ਸਦੀ ਦੇ ਅੱਧ ਵਿੱਚ ਹੋਈ ਸੀ, ਪਰ ਅੱਜ ਦੇ ਸਮੇਂ ਵਿੱਚ ਉਪਲਬਧ ਵਿਸ਼ਾਲ ਡੇਟਾ ਅਤੇ ਸ਼ਕਤੀਸ਼ਾਲੀ ਪ੍ਰੋਸੈਸਰਾਂ ਨੇ ਇਸ ਨੂੰ ਇੱਕ ਅਜਿਹੀ ਤਾਕਤ ਬਣਾ ਦਿੱਤਾ ਹੈ, ਜੋ ਆਉਣ ਵਾਲੇ ਸਮੇਂ ਵਿੱਚ ਦੁਨੀਆ ਦਾ ਨਕਸ਼ਾ ਬਦਲ ਕੇ ਰੱਖ ਦੇਵੇਗੀ।

ਇਸ ਤਕਨੀਕ ਦੀ ਕਾਰਜਪ੍ਰਣਾਲੀ ਬਹੁਤ ਗੁੰਝਲਦਾਰ ਹੈ ਪਰ ਇਸ ਦਾ ਪ੍ਰਭਾਵ ਬੜਾ ਸਰਲ ਅਤੇ ਡੂੰਘਾ ਹੈ। ਏ.ਆਈ. ਮੁੱਖ ਤੌਰ 'ਤੇ ਅਲਗੋਰਿਦਮ ਅਤੇ ਮਸ਼ੀਨ ਲਰਨਿੰਗ 'ਤੇ ਅਧਾਰਤ ਹੁੰਦੀ ਹੈ, ਜਿੱਥੇ ਕੰਪਿਊਟਰ ਪ੍ਰਣਾਲੀਆਂ ਨੂੰ ਲੱਖਾਂ-ਕਰੋੜਾਂ ਸੂਚਨਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਹ ਪ੍ਰਣਾਲੀਆਂ ਉਨ੍ਹਾਂ ਸੂਚਨਾਵਾਂ ਵਿੱਚੋਂ ਪੈਟਰਨ ਲੱਭਦੀਆਂ ਹਨ ਅਤੇ ਫਿਰ ਉਨ੍ਹਾਂ ਦੇ ਅਧਾਰ 'ਤੇ ਨਤੀਜੇ ਕੱਢਦੀਆਂ ਹਨ। ਉਦਾਹਰਣ ਵਜੋਂ, ਜਦੋਂ ਅਸੀਂ ਆਪਣੇ ਸਮਾਰਟਫੋਨ 'ਤੇ ਚਿਹਰੇ ਦੀ ਪਛਾਣ ਦੀ ਵਰਤੋਂ ਕਰਦੇ ਹਾਂ ਜਾਂ ਇੰਟਰਨੈੱਟ 'ਤੇ ਕੁਝ ਖੋਜਦੇ ਹਾਂ, ਤਾਂ ਪਰਦੇ ਦੇ ਪਿੱਛੇ ਏ.ਆਈ. ਹੀ ਕੰਮ ਕਰ ਰਹੀ ਹੁੰਦੀ ਹੈ। ਇਹ ਤਕਨੀਕ ਹੁਣ ਸਿਰਫ਼ ਗਣਿਤ ਦੇ ਸਵਾਲ ਹੱਲ ਕਰਨ ਤੱਕ ਸੀਮਤ ਨਹੀਂ ਰਹੀ, ਸਗੋਂ ਇਹ ਕਵਿਤਾਵਾਂ ਲਿਖ ਰਹੀ ਹੈ, ਚਿੱਤਰਕਾਰੀ ਕਰ ਰਹੀ ਹੈ ਅਤੇ ਇੱਥੋਂ ਤੱਕ ਕਿ ਡਾਕਟਰੀ ਇਲਾਜ ਵਿੱਚ ਮਾਹਿਰ ਡਾਕਟਰਾਂ ਦੀ ਮਦਦ ਵੀ ਕਰ ਰਹੀ ਹੈ। ਇਹ ਮਨੁੱਖੀ ਦਿਮਾਗ ਦੀ ਨਕਲ ਕਰਨ ਦੀ ਇੱਕ ਕੋਸ਼ਿਸ਼ ਹੈ, ਜਿੱਥੇ ਨਿਊਰਲ ਨੈੱਟਵਰਕ ਰਾਹੀਂ ਮਸ਼ੀਨਾਂ ਨੂੰ ਅਹਿਸਾਸ ਅਤੇ ਤਰਕ ਦੀ ਦੁਨੀਆ ਨਾਲ ਜੋੜਿਆ ਜਾ ਰਹੀ ਹੈ। ਇਹ ਬੌਧਿਕ ਸਮਰੱਥਾ ਜਦੋਂ ਸੰਚਾਰ ਦੇ ਮਾਧਿਅਮਾਂ ਵਿੱਚ ਪ੍ਰਵੇਸ਼ ਕਰਦੀ ਹੈ, ਤਾਂ ਇਹ ਜਾਣਕਾਰੀ ਦੇ ਪ੍ਰਵਾਹ ਨੂੰ ਇੱਕ ਨਵੀਂ ਗਤੀ ਪ੍ਰਦਾਨ ਕਰਦੀ ਹੈ।

ਸੰਚਾਰ ਅਤੇ ਮੀਡੀਆ ਦਾ ਖੇਤਰ, ਜਿਸ ਵਿੱਚ ਰੇਡੀਓ, ਟੀਵੀ, ਅਖਬਾਰ ਅਤੇ ਪੱਤਰਕਾਰੀ ਸ਼ਾਮਲ ਹਨ, ਏ.ਆਈ. ਦੁਆਰਾ ਪੂਰੀ ਤਰ੍ਹਾਂ ਬਦਲ ਦਿੱਤਾ ਗਿਆ ਹੈ। ਅੱਜ ਏ.ਆਈ. ਐਂਕਰ ਟੀਵੀ 'ਤੇ ਖ਼ਬਰਾਂ ਪੜ੍ਹ ਰਹੇ ਹਨ ਅਤੇ ਅਖਬਾਰਾਂ ਵਿੱਚ ਖ਼ਬਰਾਂ ਲਿਖਣ ਲਈ ਏ.ਆਈ. ਟੂਲਸ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਦੇ ਫਾਇਦੇ ਇਹ ਹਨ ਕਿ ਜਾਣਕਾਰੀ ਬਹੁਤ ਤੇਜ਼ੀ ਨਾਲ ਲੋਕਾਂ ਤੱਕ ਪਹੁੰਚਦੀ ਹੈ ਅਤੇ ਡੇਟਾ ਦਾ ਵਿਸ਼ਲੇਸ਼ਣ ਕਰਨਾ ਸੌਖਾ ਹੋ ਗਿਆ ਹੈ। ਪਰ ਪੱਤਰਕਾਰੀ ਦੇ ਖੇਤਰ ਵਿੱਚ ਇਹ ਇੱਕ ਵੱਡਾ ਨੈਤਿਕ ਸੰਕਟ ਵੀ ਹੈ। ਜੇਕਰ ਖ਼ਬਰਾਂ ਲਿਖਣ ਵਾਲੀ ਮਸ਼ੀਨ ਕੋਲ ਮਨੁੱਖੀ ਸੰਵੇਦਨਸ਼ੀਲਤਾ ਨਹੀਂ ਹੋਵੇਗੀ, ਤਾਂ ਉਹ ਸੱਚਾਈ ਅਤੇ ਨਿਰਪੱਖਤਾ ਦੀ ਰੱਖਿਆ ਕਿਵੇਂ ਕਰੇਗੀ? ਪੱਤਰਕਾਰੀ ਦਾ ਮੂਲ ਸਿਧਾਂਤ 'ਸੱਚ ਦੀ ਖੋਜ' ਹੈ, ਪਰ ਏ.ਆਈ. ਕਈ ਵਾਰ ਅਜਿਹੀ ਜਾਣਕਾਰੀ ਪੈਦਾ ਕਰ ਦਿੰਦੀ ਹੈ। ਜੋ ਸੱਚ ਲੱਗਦੀ ਹੈ ਪਰ ਹਕੀਕਤ ਵਿੱਚ ਗਲਤ ਹੁੰਦੀ ਹੈ। ਇਹ ਪੱਤਰਕਾਰੀ ਦੀ ਭਰੋਸੇਯੋਗਤਾ ਲਈ ਇੱਕ ਵੱਡੀ ਚੁਣੌਤੀ ਹੈ, ਜੋ ਅੱਗੇ ਚੱਲ ਕੇ ਰਾਜਨੀਤਿਕ ਪ੍ਰਚਾਰ ਦਾ ਹਥਿਆਰ ਬਣ ਜਾਂਦੀ ਹੈ।

ਭਾਰਤੀ ਰਾਜਨੀਤੀ ਦੇ ਪ੍ਰਸੰਗ ਵਿੱਚ ਏ.ਆਈ. ਦੀ ਗਲਤ ਵਰਤੋਂ ਇੱਕ ਬਹੁਤ ਹੀ ਚਿੰਤਾਜਨਕ ਵਿਸ਼ਾ ਹੈ। ਅਜੋਕੀ ਰਾਜਨੀਤੀ ਵਿੱਚ ਵੋਟਾਂ ਦੇ ਧਰੁਵੀਕਰਨ ਲਈ ਸੋਸ਼ਲ ਮੀਡੀਆ ਅਤੇ ਏ.ਆਈ. ਅਲਗੋਰਿਦਮ ਦੀ ਵਰਤੋਂ ਲੋਕਾਂ ਦੀ ਮਾਨਸਿਕਤਾ ਨਾਲ ਖੇਡਣ ਲਈ ਕੀਤੀ ਜਾ ਰਹੀ ਹੈ। ਇੱਥੇ 'ਡੀਪ ਫੇਕ' ਤਕਨੀਕ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ, ਜੋ ਕਿਸੇ ਵਿਅਕਤੀ ਦੇ ਚਿਹਰੇ ਅਤੇ ਆਵਾਜ਼ ਦੀ ਇੰਨੀ ਸਟੀਕ ਨਕਲ ਕਰਦੀ ਹੈ ਕਿ ਅਸਲੀ ਅਤੇ ਨਕਲੀ ਵਿੱਚ ਫਰਕ ਕਰਨਾ ਅਸੰਭਵ ਹੋ ਜਾਂਦਾ ਹੈ। ਜਦੋਂ ਕਿਸੇ ਰਾਜਨੀਤਿਕ ਨੇਤਾ ਦੀ ਨਕਲੀ ਵੀਡੀਓ ਬਣਾ ਕੇ ਕਿਸੇ ਧਰਮ ਜਾਂ ਜਾਤ ਵਿਰੁੱਧ ਭੜਕਾਊ ਗੱਲਾਂ ਕਹਾਈਆਂ ਜਾਂਦੀਆਂ ਹਨ, ਤਾਂ ਆਮ ਜਨਤਾ ਉਸ ਨੂੰ ਸੱਚ ਮੰਨ ਲੈਂਦੀ ਹੈ। ਇਹ ਸਿਰਫ਼ ਵੋਟਾਂ ਲੈਣ ਤੱਕ ਸੀਮਤ ਨਹੀਂ ਹੈ, ਸਗੋਂ ਇਹ ਲੋਕਤੰਤਰ ਦੀ ਬੁਨਿਆਦ 'ਤੇ ਹਮਲਾ ਹੈ। ਰਾਜਨੀਤਿਕ ਪ੍ਰਚਾਰ ਹੁਣ ਤਰਕ ਅਤੇ ਵਿਕਾਸ ਦੇ ਮੁੱਦਿਆਂ ਤੋਂ ਹਟ ਕੇ 'ਧਾਰਨਾ ਬਣਾਉਣ' ਦੀ ਖੇਡ ਬਣ ਗਿਆ ਹੈ, ਜੋ ਸਮਾਜਿਕ ਤਾਣੇ-ਬਾਣੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ।

ਜੇਕਰ ਅਸੀਂ ਸਮਾਜ ਸ਼ਾਸਤਰ ਦੇ ਨਜ਼ਰੀਏ ਤੋਂ ਦੇਖੀਏ, ਤਾਂ (ਚਲਦਾ)



ਲੇਖਕ: ਗੁਰਪ੍ਰੀਤ ਸਿੰਘ ਬਿਲਿੰਗ ਸੰਪਰਕ: 75086-98066

# ਇਕਾਈ ਲਾਲਪੁਰਾ ਦੀ ਹੋਈ ਹੰਗਾਮੀ ਮੀਟਿੰਗ : ਲਾਲਪੁਰਾ



ਤਰਨ ਤਾਰਨ, 1 ਮਾਰਚ (ਐਸ ਐਸ ਸੰਧਾ) ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ, ਜੋਨ ਖਡੂਰ ਸਾਹਿਬ ਦੀ ਇਕਾਈ ਲਾਲਪੁਰਾ ਦੀ ਹੰਗਾਮੀ ਮੀਟਿੰਗ, ਗੁਰਦੁਆਰਾ ਬਾਬਾ ਰਾਇਆਂ ਜੀ ਦੇ ਸਥਾਨ ਤੇ ਹੋਈ, ਪਰਿਸ ਨੋਟ ਜਾਰੀ ਕਰਦਿਆਂ ਕਿਸਾਨ ਆਗੂ ਪਾਖਰ ਸਿੰਘ ਲਾਲਪੁਰਾ ਨੇ ਕਿਹਾ ਕਿ 7 ਮਾਰਚ ਨੂੰ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜਿਲ੍ਹੇ ਚ ਤਰਨਤਾਰਨ ਆ ਰਹੇ ਹਨ ਸਾਡੇ ਕਿਸਾਨ ਆਗੂ ਸਹਿਬਾਨਾ ਵੱਲੋ ਸਾਤਮਾਈ ਤਰੀਕੇ ਨਾਲ ਮੁੱਖ ਮੰਤਰੀ ਨੂੰ ਸਵਾਲ ਕੀਤੇ ਜਾਣਗੇ ,ਇਹ ਲਈ ਇਕਾਈ ਲਾਲਪੁਰਾ ਵੱਲੋਂ ਤਿਆਰੀਆਂ ਕਰ ਲਈਆਂ ਹਨ , ਪਿੰਡ ਦੀ ਮੀਟਿੰਗ ਵਿੱਚ ਜਥੇਬੰਦੀ ਦੇ ਕਿਸਾਨਾਂ-ਮਜ਼ਦੂਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਮੀਟਿੰਗ ਦੌਰਾਨ ਆਗੂਆਂ ਨੇ ਸਰਕਾਰ ਵੱਲੋਂ ਜ਼ਬਰਦਸਤੀ ਲਗਾਏ ਜਾ ਰਹੇ ਚਿੱਪਾਂ ਵਾਲੇ ਪ੍ਰੀਪੇਡ ਸਮਾਰਟ ਮੀਟਰਾਂ ਦੀ ਸਖ਼ਤ ਨਿਖੇਧੀ ਕੀਤੀ। ਇਕਾਈ ਸਕੱਤਰ ਰਣਜੀਤ ਸਿੰਘ ਨੇ ਕਿਹਾ ਕਿ ਇਹ ਮੀਟਰ ਗਰੀਬ ਜਨਤਾ ਦੀ ਜੇਬ ਉੱਤੇ ਡਾਕਾ ਮਾਰਨ ਅਤੇ ਬਿਜਲੀ ਦਾ ਨਿੱਜੀਕਰਨ ਕਰਨ ਦੀ ਇੱਕ ਸਾਜ਼ਿਸ਼ ਹੈ, ਪਿੰਡ ਚ ਲੋਕਾਂ ਨੂੰ ਲਾਮਬੰਦ ਕਰਨ ਦੀ ਡਿਊਟੀ ਲਗਾਈ ਹੈ ਤਾਂ ਜੋ 7 ਮਾਰਚ ਸਰਕਾਰ ਵਿਰੁੱਧ ਵੱਡਾ ਇਕੱਠ ਕਰਕੇ ਜ਼ੋਰਦਾਰ ਪ੍ਰਦਰਸ਼ਨ ਕੀਤਾ ਜਾ ਸਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਮੁੱਖ ਬੁਲਾਰੇ ਬੁਲਾਰੇ ਹਰਜਿੰਦਰ ਸਿੰਘ ਨੇ ਕਿਹਾ ਸਰਕਾਰ ਲੋਕਾਂ ਨੂੰ ਮੁਫਤ ਬਿਜਲੀ ਦੇਣ ਦੇ ਵਾਅਦੇ ਕਰਕੇ ਸੱਤਾ ਵਿੱਚ ਆਈ ਸੀ, ਪਰ ਹੁਣ ਪ੍ਰੀਪੇਡ ਮੀਟਰ ਲਗਾ ਕੇ ਆਮ ਆਦਮੀ ਦਾ ਲੱਕ ਤੋੜ ਰਹੀ ਹੈ। ਜੇਕਰ ਸਰਕਾਰ ਨੇ ਇਹ ਫੈਸਲਾ ਵਾਪਸ ਨਾ ਲਿਆ ਅਤੇ ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ, ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾਂ ਇਹ ਮੋਕੇ ਤੇ ਹਰਪਾਲ ਸਿੰਘ, ਅਮਰਜੀਤ ਸਿੰਘ, ਹਰਜੀਤ ਸਿੰਘ, ਦੁਰਗਾ ਸਿੰਘ ਸੁਰਜੀਤ ਸਿੰਘ, ਕੁਲਦੀਪ ਸਿੰਘ, ਹਰਭਜਨ ਸਿੰਘ,ਸਰਵਨ ਸਿੰਘ, ਸੁਰਜੀਤ, ਲੱਖਾਂ ਨੰਬਰਦਾਰ, ਗੁਰਪਰੀਤ ਸਿੰਘ,ਦਲਬੀਰ ਸਿੰਘ, ਸੰਤੋਖ ਸਿੰਘ, ਆਦਿ ਆਗੂ ਹਾਜਰ ਸਨ।

# ਗੁਰਮਤਿ ਪ੍ਰਚਾਰ ਪ੍ਰਸਾਰ ਕਮੇਟੀ (ਰਜਿ) ਦੀ ਹੋਈ ਮੀਟਿੰਗ



ਅੰਮ੍ਰਿਤਸਰ, 1 ਮਾਰਚ (ਪ ਪ) ਗੁਰਮਤਿ ਪ੍ਰਚਾਰ ਪ੍ਰਸਾਰ ਕਮੇਟੀ (ਰਜਿ), ਚੰਡੀਗੜ੍ਹ ਦੀ ਇਕੱਤਰਤਾ ਮੀਟਿੰਗ ਗੁਰਦੁਆਰਾ ਸੈਕਟਰ 34, ਚੰਡੀਗੜ੍ਹ ਵਿਖੇ ਸਵੇਰੇ 10:30 ਵਜੇ ਆਯੋਜਿਤ ਕੀਤੀ ਗਈ ਇਸ ਮੌਕੇ ਸ੍ਰੀ ਡੀ.ਪੀ. ਸਿੰਘ, ਸਾਬਕਾ ਸੀ.ਈ.ਓ. ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ; ਸਾਬਕਾ ਡੀ.ਜੀ.ਐਮ. ਪੰਜਾਬ ਐਂਡ ਸਿੰਧ ਬੈਂਕ; ਸਾਬਕਾ ਸੀ.ਈ.ਓ. ਹਰਿਆਣਾ ਸਿੱਖ ਮੈਨੇਜਮੈਂਟ ਕਮੇਟੀ ਅਤੇ ਸਾਬਕਾ ਪ੍ਰਧਾਨ ਤੇ ਸੰਸਥਾਪਕ ਮੈਂਬਰ, ਗੁਰਮਤਿ ਪ੍ਰਚਾਰ ਪ੍ਰਸਾਰ ਕਮੇਟੀ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਮੀਟਿੰਗ ਦੀ ਸ਼ੁਰੂਆਤ ਸੋਸਾਇਟੀ ਦੇ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਉਪਰੰਤ ਕੀਤੀ ਗਈ।ਮੀਟਿੰਗ ਵਿੱਚ ਸਾਲ ਦੇ 10 ਮਹੀਨਿਆਂ ਅਤੇ 2 ਮਹੀਨਿਆਂ ਦੌਰਾਨ ਹੋਣ ਵਾਲੀ ਆਮਦਨ ਅਤੇ ਖਰਚਿਆਂ ਦਾ ਬਿਓਰਾ, ਵਿੱਤੀ ਸਾਲ 2026-27 ਦਾ ਬਜਟ ਅਤੇ ਸੋਸਾਇਟੀ ਦੇ ਨਵੇਂ ਪ੍ਰਧਾਨ ਦੀ ਚੋਣ ਸਬੰਧੀ ਮਾਮਲਾ ਸੰਗਤਾਂ ਸਾਹਮਣੇ ਪੇਸ਼ ਕੀਤਾ ਗਿਆ ਸੰਗਤਾਂ ਦੀ ਸਹਿਮਤੀ ਨਾਲ ਸ੍ਰੀ ਹਰਸ਼ਬੀਰ ਸਿੰਘ ਜੀ, ਸਾਬਕਾ ਜਨਰਲ ਮੈਨੇਜਰ ਨੂੰ ਪ੍ਰਧਾਨਗੀ ਦੀ ਸੇਵਾ ਸੌਂਪੀ ਗਈ ਅੰਤ ਵਿੱਚ ਸੈਕਟਰ 34 ਗੁਰਦੁਆਰਾ ਮੈਨੇਜਮੈਂਟ ਦਾ ਧੰਨਵਾਦ ਕੀਤਾ ਗਿਆ ਅਤੇ ਸੰਗਤਾਂ ਨੂੰ ਅਪੀਲ ਕੀਤੀ ਗਈ ਕਿ ਆਪਣਾ ਦਸਵੰਧ ਸੋਸਾਇਟੀ ਵਿੱਚ ਜਮ੍ਹਾਂ ਕਰਵਾਇਆ ਜਾਵੇ। ਇਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।


## ਦਰਸ਼ਨ ਬੇਕਰੀ

ਮੇਨ ਰੋਡ ਫਤਿਆਬਾਦ, (ਤਰਨ ਤਾਰਨ)

ਇਥੋਂ ਕੇਕ,ਪੇਸਟੀਆਂ,ਹਰ ਤਰਾਂ ਦੇ ਬਿਸਕੁਟ,ਸੂਜੀ ਰਸ ,ਪੈਟੀਆਂ,ਕਰੀਮ ਰੋਲ ਹਰ ਸਮੇਂ ਤਿਆਰ ਲਵੋ ।



ਕੁਲਜੀਤ ਸਿੰਘ ਲਾਡੀ

ਸੰਪਰਕ : 98721-51544, 98559-21544


# ਤੀਸਰੀ ਲੜੀਵਾਰ ਸ਼੍ਰੀ ਅਖੰਡਪਾਠ ਸਾਹਿਬਾਂ ਦੇ 40 ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੀ ਲੜੀ ਨਾਲ ਨਿਰਵਿਘਨ ਚੱਲ ਰਹੇ ਹਨ- ਗੁਰਦੁਆਰਾ ਪ੍ਰਬੰਧਕ ਕਮੇਟੀ

**ਮਖੂ ਵਿਖੇ ਬਾਬਾ ਕਰਮ ਚੰਦ ਬਾਠਾਂ ਵਾਲਾ ਦੀ 41ਵੀਂ ਸਲਾਨਾਂ ਬਰਸੀ ਦੇ ਧਾਰਮਿਕ ਸਮਾਗਮ ਜੋ 22 ਫਰਵਰੀ 2026 ਤੋਂ ਅਰੰਭ ਹੋਏ ਸਨ।**



ਮਖੂ, 1 ਮਾਰਚ (ਸ਼ਬੇਗ ਸਿੰਘ) ਧੰਨ ਧੰਨ ਬਾਬਾ ਕਰਮ ਚੰਦ ਜੀ ਬਾਠਾਂ ਵਾਲਿਆ ਦੀ ਸਲਾਨਾਂ41ਵੀਂ ਬਰਸੀ ਦੇ ਧਾਰਮਿਕ ਸਮਾਗਮ ਦੀ ਅਰੰਭਤਾ 22 ਫਰਵਰੀ ਤੋਂ ਬਾਬਾ ਬਾਠਾਂਵਾਲਾ ਗੁਰਦੁਆਰਾ ਮਖੂ ਵਿਖੇ 40 ਲੜੀਵਾਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀਆਂ ਦੇ ਪਾਠਾਂ ਦੀ ਅਰੰਭਤਾ ਨਾਲ ਸ਼ੁਰੂਆਤ ਹੋਈ ਸੀ ਜੋ ਅੱਜ ਤੱਕ ਨਿਰੰਤਰ ਜਾਰੀ ਹੈ ਇਹ ਸਲਾਨਾਂ ਬਰਸੀ ਸਮਾਗਮਾਂ ਦੇ ਗੁਰਮਤ ਸਮਾਗਮ ਹੋਣ ਕਰਕੇ ਇਕ ਮੇਲੇ ਦਾ ਹੀ ਰੂਪ ਧਾਰਨ ਕਰ ਜਾਂਦੇ ਹਨ ਕਲ੍ਹ ਨੂੰ ਤੀਸਰੀ ਲੜੀ ਦੇ ਸ੍ਰੀ ਅਖੰਡਪਾਠ ਸਾਹਿਬਾ ਜੀ ਦੇ ਭੋਗ ਪਾਏ ਜਾਣਗੇ ਤੇ ਚੌਥੀ ਲੜੀ ਸ਼ੁਰੂ ਹੋ ਜਾਵੇਗੀ । ਗੁਰਦਆਰਾ ਪ੍ਰਬੰਧਕ ਕਮੇਟੀ ਤੇ ਮੈਨੇਜਰ ਭਾਈ ਇਕਬਾਲ ਸਿੰਘ ਜੋਧਪੁਰੀ ਚੱਬੇ ਵਾਲਿਆਂ ਨੇ ਅਤੇ ਪਰਚਾਰ ਸਕਤਰ ਗੁਰਦੁਆਰਾ ਸਾਹਿਬ, ਪਰਗਟ ਸਿੰਘ ਲਹਿਰਾ ਨੇ ਪੱਤਰਰ ਕਾਰਾਂ ਨੂੰ ਜਾਨਕਾਰੀ ਦਿੰਦੇ ਕਿਹਾ ਕਿ ਮੁਖ ਪ੍ਰਬੰਧਕ ਬੀ ਕੇ ਯੂ ਪੰਜਾਬ ਦੇ ਸੂਬਾ ਪ੍ਰਧਾਂਨ ਸ੍ਰ ਫੁਰਮਾਨ ਸਿੰਘ ਸੰਧੂ ਦੀ ਜਥੇਬੰਦੀ ਤੇ ਮਖੂ ਇਲਾਕੇ ਦੇ ਸਹਿਯੋਗ ਨਾਲ ਸਲਾਨਾਂ ਬਰਸੀ ਦੇ ਇਹ ਸਮਾਗਮ ਅਤੇ ਲੜੀਵਾਰ ਪਾਠਾਂ ਦੀਆਂ ਲੜੀਆਂ ਜੋ 22 ਫਰਵਰੀ 2026 ਤੋ ਸ਼ੁਰੂ ਹੋ ਕੇ 6 ਮਾਰਚ 2026 ਦਿਨ ਸ਼ੁਕਰਵਾਰ ਤੱਕ ਚਲਣਗੇ ਅਤੇ 6 ਮਾਰਚ 2026 ਵਾਲੇ ਦਿਨ ਸ਼ੁਕਰਵਾਰ ਨੂੰ ਸਵੇਰੇ ਭੋਗ ਪਾਏ ਜਾਣੇ ਹਨ ਨਿਰੰਤਰ ਜਾਰੀ ਹਨ। ਉਸ ਤੋਂ ਪਹਿਲਾਂ ਮਿਤੀ 5 ਮਾਰਚ 2026 ਨੂੰ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰੇ ਸਿੰਘ ਸਹਿਬਾਨਾਂ ਦੀ ਅਗਵਾਈ ਵਿਚ ਸਜਾਇਆ ਜਾਵੇਗਾ।ਜਿਸ ਵਿਚ ਪਿੰਡਾ ਦੀਆਂ ਅਤੇ ਮਖੂ ਦੀਆ ਸੰਗਤਾਂ ਆਪਣੇ ਟਰੈਕਟਰ ਟਰਾਲੀਆਂ, ਕਾਰਾ ਲੈ ਕੇ ਸ਼ਾਮਿਲ ਹੋਣਗੇ , ਇਹ ਨਗਰ ਕੀਰਤਨ ਮਖੂ ਇਲਾਕੇ ਦੀਆਂ ਥਾਂਵਾਂ ਜਿਨ੍ਹਾਂ ਵਿਚ ਜੱਲਾ ਚੌਕੀ ਤੋਂ ਜੀਰਾ ਮੋੜ ਮਖੂ ਮੇਨਬਜਾਰ ਵਿਚੋ ਂ ਹੁੰਦਾ ਹੋਇਆ ਅਰਾਂਈਆਂਵਾਲਾ,ਕੁਤਬਪੁਰਾ,ਵਾਰਸ ਵਾਲਾ, ਫੇਮੀ ਵਾਲਾ,ਜੱਗੇਵਾਲਾ,ਸ਼ੀਹਾਪਾੜੀ,ਲਹਿਰਾ ਬੇਟ ਟਿੱਬੀ ਅਰਾਂਈਆਂ ,ਸੂਦਾਂ ਅੱਡਾ ਤੋਂ ਰਸੂਲਪੁਰ ਹੁੰਦਾ ਹੋਇਆ ਸਟੇਡੀਅਮ ਮਖੂ ਵਾਲੇ ਪਾਸਿਉਂ ਗੁਰਦੁਆਰਾ ਬਾਬਾ ਬਾਠਾਂ ਵਾਲਾ ਵਿਖੇ ਸਮਾਪਤ ਹੋਵੇਗਾ। ਜਿਸ ਦਿਨ ਤੋਂ ਇਹ ਸਮਾਗਮ ਸ਼ੁਰੂ ਹੋਏ ਹਨ ,ਸੰਗਤ ਦੇ ਜੋੜਿਆਂ ਦੀ ਸੇਵਾ ਬੀਬੀਆਂ, ਜਿੰਨ੍ਹਾਂ ਵਿਚ ਸੇਵਾਦਾਰ ਬਲਜੀਤ ਕੌਰ ,ਜਸਬੀਰ ਕੌਰ, ਸੁਖਵਿੰਦਰ ਕੌਰ,ਕਰਮਜੀਤ ਕੌਰ,ਦਵਿੰਦਰ ਕੌਰ, ਮਨਪ੍ਰੀਤ ਕੌਰ,ਹਰਜਿੰਦਰ ਕੌਰ ਡਾ ਸੁਖਪ੍ਰੀਤ ਕੌਰ,ਅਤੇ ਲੰਗਰ ਪਕਾਉਣ ਦੀ ਸੇਵਾ ਦਵਿੰਦਰ ਕੌਰ,ਸੁਖਵਿੰਦਰ ਕੌਰ,ਪ੍ਰਕਾਸ਼ ਕੌਰ,ਮਨਜੀਤ ਕੌਰ,ਮਮਤਾ ਰਾਣੀ, ਸੁਨੀਤਾ ਰਾਣੀ, ਕਵਲਜੀਤ ਕੌਰ,ਸ਼ਿੰਦਰ ਕੌਰ, ਜੋੜਿਆਂ ਦੀ ਸੇਵਾ ਵੀਰਾਂ ਵਿਚ ਤਲਵਿੰਦਰ ਸਿੰਘ ਸਿੱਧੂ,ਸੰਗਰਾਮ ਸਿੰਘ ਸਿੱਧੂ,ਅੰਗਰੇਜ ਸਿੰਘ, ਚੰਨਪ੍ਰੀਤ ਸਿੰਘ , ਹਰਦੀਪ ਸਿੰਘ,ਗੁਰਸ਼ਰਨ ਸਿੰਘ, ਜਸ਼ਨਪ੍ਰੀਤ ਸਿੰਘ, ਸਰਬਜੀਤ ਸਿੰਘ,ਸਾਰੇਟਿੱਬੀ ਅਰਾਂਹੀਆਂ ਤੇ ਗੁਰਚਰਨ ਸਿੰਘ,ਜਗਦੀਪ ਸਿੰਘ,ਭੁਪਿੰਦਰ ਸਿੰਘ ਐਮ ਸੀ, ਜੱਜਬੀਰ ਸਿੰਘ,ਰਮਨਦੀਪ ਸਿੰਘ, ਦੇਸ ਰਾਜ,ਵਿੰਦਾ,ਜੋਧਾ ਸਿੰਘ,ਨਿਸ਼ਾਂਨ ਸਿੰਘ, ਲੱਕੀ,ਪਰਗਟ ਸਿੰਘ ,ਗੁਰਜੀਤ ਸਿੰਘ,ਸਤਨਾਮ ਸਿੰਘ,ਸ਼ਮਸ਼ੇਰ ਸਿੰਘ,ਸਿਮਰਨਜੀਤ ਸਿੰਘ,ਰਿੰਕੂ, ਲੱਡੂ, ਜੱਸ, ਕੁਲਦੀਪ ਸਿੰਘ ਅਤੇ ਗੱਡੀਆਂ ਦੇ ਪਾਰਕ ਦੀ ਸੇਵਾ ਵਿਚ ਜਗਮੀਤ ਸਿੰਘ,ਪਰਮਪਾਲ ਸਿੰਘ,ਸਮਸ਼ੇਰ ਸਿੰਘ,ਬਿਕਰਮਜੀਤ ਸਿੰਘ,ਮਲਕੀਤ ਸਿੰਘ,ਦਿਲਪ੍ਰੀਤ ਸਿੰਘ, ਅਰਸ਼ਦੀਪ ਸੰਘ,ਉਤਮਜੀਤ ਸਿੰਘ,ਦਰਪਿੰਦਰ ਸਿੰਘ,ਬਲਪ੍ਰੀਤ ਸਿੰਘ, ਗੁਰਪ੍ਰਤ ਸਿੰਘ,ਸਰਬਜੀਤ ਸਿੰਘ ਸਾਹਬੀ,ਅਮਰਿੰਦਰ ਸਿੰਘਭੁੱਲਰ, ਚਾਹ ਪਾਣੀ ਦੇ ਲੰਗਰ ਦੀ ਸੇਵਾ ਵਿਚ ਨਿਰਮਲ ਸਿੰਘ,ਸਰਦੂਲ ਸਿੰਘ,ਤ੍ਰਿਲੋਚਨ ਸਿੰਘ,ਸਾਹਬ ਸਿੰਘ, ਬਲਵਿੰਦਰ ਸਿੰਘ, ਪਰਮਜੀਤ ਸਿੰਘ ਪੰਮਾਂ,ਜਸਵੰਤ ਸਿੰਘ ਭੁੱਲਰ ਅਤੇ ਗੇਟ ਤੇ ਪਹਿਰੇਦਾਰੀ ਦੀ ਸੇਵਾ ਗੁਰਪਾਲ ਸਿੰਘ , ਇੰਦਰਜੀਤ ਸਿੰਘ, ਨਿਰਮਲ ਸਿੰਘ,ਬਵਿੰਦਰ ਸਿੰਘ ,ਭੁਪਿੰਦਰ ਸਿੰਘ ਆਦਿ ਸਮਾਗਮਾਂ ਦੀ ਸ਼ੁਰੂਆਤ ਤੋਂ ਹੀ ਤਨ ਮਨ ਅਤੇ ਨਿਸ਼ਕਾਮ ਸ਼ਰਧਾ ਭਾਵਨਾਂ ਨਾਲ ਨਿਭਾਅ ਰਹੇ ਹਨ ਅਤੇ ਗੁਰੂ ਘਰ ਦੀਆਂ ਖੁਸ਼ੀਆ ਪ੍ਰਾਪਤ ਕਰ ਰਹੇ ਹਨ।। ਇਸ ਮੌਕੇ ਮੈਨੇਜਰ ਗੁਰਦੁਆਰਾ ਸਾਹਿਬ ਭਾਈ ਗੁਰਇਕਬਾਲ ਸਿੰਘ ਜੋਧਪੁਰੀ,ਭਾਈ ਗੁਰਜੰਟ ਸਿੰਘ ਹਜੂਰੀ ਕਥਾਵਾਚਕ,ਮਨਜੀਤ ਸਿੰਘ ਹੈਡ ਗ੍ਰੰਥੀ, ਬਾਬਾ ਬਲਬੀਰ ਸਿੰਘ ਜੱਗੇਵਾਲਾ,ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਂਨ ਗੁਰਮੀਤ ਸਿੰਘ ਰਸੂਲਪੁਰ,ਵਾਈਸ ਪ੍ਰਧਾਂਨ ਪਰਗਟ ਸਿੰਘ ਸ਼ੀਹਾਪਾੜੀ,ਸੈਕਟਰੀ ਪਰਮਜੀਤ ਸਿੰਘ,ਕੈਸ਼ੀਅਰ ਇਕਬਾਲ ਸਿੰਘ ਮੱਲ੍ਹੀ,ਪ੍ਰੈਸ ਸਕੱਤਰ ਪਰਗਟ ਸਿੰਘ ਲਹਿਰਾ,ਨਿਸ਼ਾਂਨ ਸਿੰਘ ਫੌਜੀ ਮੈਂਬਰ,ਹਰਬੰਸ ਸਿੰਘ ਮੈਂਬਰ,ਜਸਕਰਨ ਸਿੰਘ ਮੈਂਬਰ,ਸਾਰੇ ਮੁਖ ਪ੍ਰਬੰਧਕ ਫੁਰਮਾਨ ਸਿੰਘ ਸੰਧੂ ਦੇ ਸਹਿਯੋਗੀ। ਲੰਗਰ ਦੀ ਸੇਵਾ ਵਿਚ ਅਮਰਜੀਤ ਸਿੰਘ ਪੱਪੀ ਸੇਵਾਦਾਰ , ਗੁਰਸਾਹਬ ਸਿੰਘ, ਪ੍ਰਿੰਸਪਾਲ ਸਿੰਘ ਸੇਵਾਦਾਰ,ਲਖਵਿੰਦਰ ਸਿੰਘ ਸੇਵਾਦਾਰ,ਜਸ਼ਨਪ੍ਰੀਤ ਸਿੰਘ ਸੇਵਾਦਾਰ,ਗੁਰਜੰਟ ਸਿੰਘ ਇਲੈਕਟੀਸ਼ਨ,ਵਿਕਰਮਜੀਤ ਸਿੰਘ ਸੇਵਾਦਾਰ,ਰਾਮ ਸਿੰਘ ਸੇਵਾਦਾਰ,ਸੋਨੂੰ ਸਿੰਘ ਸੇਵਾਦਾਰ,ਧਰਮਪ੍ਰੀਤ ਸਿੰਘ ਸੇਵਾਦਾਰ,ਹਰਮਨ ਸਿੰਘ ਸੇਵਾਦਾਰ,ਸ਼ੇਰਾ ਢਿਲੋਂ ਸੇਵਾਦਾਰ ,ਬੱਬਲਪ੍ਰੀਤ ਸਿੰਘ ਸੇਵਾਦਾਰ,ਗੁਰਪ੍ਰੀਤ ਸਿੰਘ ਸੇਵਾਦਾਰ,ਰਵਿੰਦਰ ਸਿੰਘ ਸੇਵਾਦਾਰ,ਬਲਦੇਵ ਸਿੰਘ ਵਾਂਈਆਂ ਸੇਵਾਦਾਰ,ਰਮਨਜੋਤ ਸਿੰਘ ਸੇਵਾਦਾਰ,ਮਨੀ ਇੰਟਰ ਪਰਾਈਜ ਵਾਲੇ ਪੇਪਰ , ਜੱਜਬੀਰ ਸਿੰਘ ਅਤੇ ਸ਼ਹਿਰ ਦੇ ਆਸ ਪਾਸ ਦੇ ਪਿੰਡਾਂ ਦੀ ਸੰਗਤ ਹਾਜਰ ਸੀ। ਇਲਾਕੇ ਦੀਆਂ ਸਾਰੀਆਂ ਸੰਗਤਾਂ ਜੋ ਇਸ ਸਮਾਗਮ ਵਿਚ ਵੱਧ ਚੜ੍ਹ ਕੇ ਹਾਜਰੀ ਭਰਨ ਆਉਣ ਵਾਲਿਆਂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋ ਹੱਥ ਜੋੜ ਕੇ ਅਪੀਲ ਕੀਤੀ ਗਈ ਕਿ ਇਸ ਸਲਾਨਾਂ ਬਰਸੀ ਧਾਰਮਿਕ ਸਮਾਗਮ ਨੂੰ ਹੁੱਲੜਬਾਜੀ ਤੇ ਸ਼ੌਰ ਸ਼ਰਾਬੇ ਤੋਂ ਰਹਿਤ ਬੜੀ ਸ਼ਰਧਾ, ਭਾਵਨਾਂ ਤੇ ਆਪਸੀ ਪਿਆਰ ਨਾਲ ਸਾਰਾ ਬਰਸੀ ਦਾ ਜੋੜ ਮੇਲਾ ਮਨਾਇਆ ਜਾਵੇ ਜੀ।

# ਡਾ. ਸਵਰਾਜ ਗਰੋਵਰ ਨੇ ਨੰਨੇ ਨਿਤਯਮ ਅਰੋੜਾ ਦੀ ਕਿਤਾਬ The Journey of Cuirous Star ਦਾ ਕੀਤਾ ਵਿਮੋਚਨ



ਅੰਮ੍ਰਿਤਸਰ, 1 ਮਾਰਚ (ਪ ਪ) ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਨਾਲ ਸੰਬੰਧਤ ਅਤੇ ਰਾਸ਼ਟਰਪਤੀ ਅਵਾਰਡੀ ਡਾ. ਸਵਰਾਜ ਗਰੋਵਰ ਨੇ ਸ਼ਪਰਿਨਗ ਧਓਲਏ ਸ਼ਏਨਿਰ ਸ਼ਚਹੋਲ ਵਿੱਚ ਚੌਥੀ ਕਲਾਸ ਦੇ ਵਿਦਿਆਰਥੀ ਨਿਤਯਮ ਅਰੋੜਾ ਵੱਲੋਂ ਲਿਖੀ ਕਿਤਾਬ ਠਹਏ ਝੋਰਨਏੇ ਡ ਛਰਿਸ ਸ਼ਟਓਰ ਦਾ ਵਿਮੋਚਨ ਕੀਤਾ। ਕਿਤਾਬ ਵਿਮੋਚਨ ਸਮਾਰੋਹ ਦੌਰਾਨ ਡਾ. ਸਵਰਾਜ ਗਰੋਵਰ ਨੇ ਨਿਤਯਮ ਦੀ ਸਫਲਤਾ 'ਤੇ ਖੁਸ਼ੀ ਜਤਾਈ ਅਤੇ ਉਸਨੂੰ ਆਪਣਾ ਆਸ਼ੀਰਵਾਦ ਦਿੱਤਾ। ਇਸ ਮੌਕੇ 'ਤੇ ਉਸਦੇ ਪਿਤਾ ਕਰਨ ਅਰੋੜਾ, ਮਾਤਾ ਦਿਵਿਆ ਅਰੋੜਾ, ਦਾਦੀ ਰਮਾ ਅਰੋੜਾ ਅਤੇ ਦਾਦਾ ਮੋਹਨ ਲਾਲ ਅਰੋੜਾ ਵੀ ਹਾਜ਼ਰ ਸਨ। ਉਨ੍ਹਾਂ ਨੇ ਡਾ. ਸਵਰਾਜ ਗਰੋਵਰ ਨੂੰ ਫੁੱਲਾਂ ਦਾ ਗੁਲਦਸਤਾ ਭੇਂਟ ਕੀਤਾ। ਡਾ. ਸਵਰਾਜ ਗਰੋਵਰ ਨੇ ਕਿਹਾ ਕਿ ਨਿਤਯਮ ਛੋਟੀ ਉਮਰ ਵਿੱਚ ਹੀ ਲੇਖਕ ਬਣ ਗਿਆ ਹੈ ਅਤੇ ਉਸ ਦੀ ਲਿਖੀ ਇਹ ਕਿਤਾਬ ਬ੍ਰਹਿਮੰਡ ਅਤੇ ਗ੍ਰਹਿਆਂ ਬਾਰੇ ਬਹੁਤ ਹੀ ਜਾਣਕਾਰੀਪ੍ਰਦ ਹੈ। ਆਮ ਤੌਰ 'ਤੇ ਇਸ ਉਮਰ ਦੇ ਬੱਚੇ ਮੋਬਾਈਲ ਫੋਨ ਜਾਂ ਖੇਡਾਂ ਵੱਲ ਜ਼ਿਆਦਾ ਆਕਰਸ਼ਿਤ ਹੁੰਦੇ ਹਨ, ਪਰ ਨਿਤਯਮ ਨੇ ਇਸ ਉਮਰ ਵਿੱਚ ਕਿਤਾਬ ਲਿਖ ਕੇ ਆਪਣੇ ਹਮਉਮਰ ਬੱਚਿਆਂ ਲਈ ਪ੍ਰੇਰਣਾ ਦਾ ਸਰੋਤ ਬਣਿਆ ਹੈ। ਉਨ੍ਹਾਂ ਨੇ ਕਿਹਾ ਕਿ ਇਹ ਕਿਤਾਬ ਬੱਚਿਆਂ ਨੂੰ ਯੂਨੀਵਰਸ ਅਤੇ ਗ੍ਰਹਿਆਂ, ਗ੍ਰਹਿਆਂ ਦੇ ਤਾਪਮਾਨ, ਗ੍ਰਹਿਆਂ 'ਤੇ ਮਨੁੱਖੀ ਜੀਵਨ ਦੀ ਸੰਭਾਵਨਾ, ਗ੍ਰਹਿਆਂ ਦੇ ਰਿੰਗਜ਼ ਆਦਿ ਬਾਰੇ ਵਿਸਥਾਰ ਨਾਲ ਜਾਣਕਾਰੀ ਦੇਵੇਗੀ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਨੌਜਵਾਨ ਲੇਖਕ ਦੀ ਮਾਤਾ ਦਿਵਿਆ ਅਰੋੜਾ ਖੁਦ ਵੀ ਲੇਖਿਕਾ ਹਨ ਅਤੇ ਲਗਭਗ 10 ਕਾਵਿ ਪੁਸਤਕਾਂ ਲਿਖ ਚੁੱਕੀਆਂ ਹਨ। ਇਸ ਮੌਕੇ 'ਤੇ ਨਿਤਯਮ ਦੇ ਮਾਤਾ-ਪਿਤਾ ਨੇ ਦੱਸਿਆ ਕਿ ਉਹ ਸਪ੍ਰਿੰਗ ਡੇਲ ਸੀਨੀਅਰ ਸਕੂਲ ਵਿੱਚ ਕਲਾਸ 4 ਦਾ ਵਿਦਿਆਰਥੀ ਹੈ ਅਤੇ 10 ਸਾਲ ਦਾ ਹੈ। ਉਸਨੂੰ ਅੰਤਰਿਕਸ਼ ਬਾਰੇ ਜਾਣਕਾਰੀ ਇਕੱਠੀ ਕਰਨ ਦਾ ਬਹੁਤ ਸ਼ੌਕ ਹੈ, ਇਸ ਲਈ ਉਸਦੇ ਕੋਲ ਬਚਪਨ ਤੋਂ ਹੀ ਇੱਕ ਟੈਲੀਸਕੋਪ ਵੀ ਹੈ। ਨਿਤਯਮ ਨੂੰ ਕ੍ਰਿਕਟ ਦਾ ਵੀ ਬਹੁਤ ਸ਼ੌਕ ਹੈ ਅਤੇ ਉਹ ਹਰ ਰੋਜ਼ ਕ੍ਰਿਕਟ ਦੀ ਟ੍ਰੇਨਿੰਗ ਲੈਂਦਾ ਹੈ। ਉਸਦਾ ਸੁਪਨਾ ਇੱਕ ਵਧੀਆ ਕ੍ਰਿਕਟਰ ਬਣਨ ਦਾ ਹੈ। ਇਸਦੇ ਨਾਲ ਹੀ ਉਹ ਭਵਿੱਖ ਵਿੱਚ ਹੋਰ ਵੀ ਜਾਣਕਾਰੀਪ੍ਰਦ ਕਿਤਾਬਾਂ ਲਿਖਣਾ ਚਾਹੁੰਦਾ ਹੈ।

ਨਿਤਯਮ ਪ੍ਰਕਾਸ਼ਕ ਭਰਿਬੋਕਸ ਵੱਲੋਂ ਅੰਤਰਰਾਸ਼ਟਰੀ ਪੱਧਰ ਦੇ ਮੁਕਾਬਲੇ ਵਿੱਚ ਛਿਟੇ ਭਏਸਟ ਸ਼ਏਲਲਏਰ ਦਾ ਖਿਤਾਬ ਵੀ ਜਿੱਤ ਚੁੱਕਾ ਹੈ ਅਤੇ ਉਸਨੂੰ ਸਿਲਵਰ ਸਟਾਰ ਅਤੇ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਕਿਤਾਬ ਦੇਸ਼ ਅਤੇ ਵਿਦੇਸ਼ ਵਿੱਚ ਆਨਲਾਈਨ ਵੀ ਉਪਲਬਧ ਹੈ। ਸਕੂਲ ਦੇ ਪ੍ਰਿੰਸੀਪਲ ਰਾਜੀਵ ਕੁਮਾਰ ਸ਼ਰਮਾ ਨੇ ਨਿਤਯਮ ਨੂੰ ਆਸ਼ੀਰਵਾਦ ਦਿੱਤਾ ਅਤੇ ਉਸਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਸਮਾਰੋਹ ਦੇ ਅੰਤ ਵਿੱਚ ਡਾ. ਸਵਰਾਜ ਗਰੋਵਰ ਨੇ ਨਿਤਯਮ ਅਤੇ ਉਸਦੇ ਪਰਿਵਾਰ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।